ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ

ਵਾਹਿਗੁਰੂ ਜੀ ਕੀ ਫਤਹ॥

# ਸੂਰਾ

ਪਟਿਆਲਾ

## ਵਾਹ ਵਾਹ ਗੋਬਿੰਦ ਸਿੰਘ
## ਆਪੇ ਗੁਰ ਚੇਲਾ ॥


ਪ੍ਰਾਨ ਮੀਤ ਪਰਮਾਤਮਾ ਪੁਰਖੋਤਮ ਪੂਰਾ।
ਪੋਖਨ ਹਾਰਾ ਪਾਤਸ਼ਾਹ ਪ੍ਰਤਿਪਾਲਨ ਊਰਾ।
ਪਤਿਤ ਉਧਾਰਨ ਪ੍ਰਾਨਪਤਿ ਸਦ ਸਦਾ ਹਜ਼ੂਰਾ।
ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ।
ਅਨਦ ਬਿਨੋਦੀ ਜੀਅ ਜਪ ਸਚ ਸਚੀ ਵੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

(ਭਾਈ ਗੁਰਦਾਸ ਦੂਜਾ)

੫ ਜਨਵਰੀ ੧੯੭੧ ☬ 5 JANUARY 1971

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





**ਸਾਲਾਨਾ ਚੰਦਾ**

ਦੇਸ 12 ਰੁਪਏ
ਪ੍ਰਦੇਸ ਸਮੁੰਦਰੀ ਡਾਕ 20 ਰੁਪਏ
ਪ੍ਰਦੇਸ ਹਵਾਈ ਡਾਕ 60 ਰੁਪਏ
ਲਾਈਫ਼ ਮੈਂਬਰ 250 ਰੁਪਏ
ਪ੍ਰਤੀ ਕਾਪੀ 70 ਪੈਸੇ



## ਗੁਰਮਤਿ ਪ੍ਰਚਾਰਕ ਅੱਧ-ਮਾਸਕ ਪੱਤਰ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ
ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ੫ ਜਨਵਰੀ ਮੁਤਾਬਕ ੨੨ ਪੋਹ ੫੦੧ ਨਾਨਕ ਸ਼ਾਹੀ [ ਅੰਕ ੨੨


# "ਪੰਥ ਕੀ ਰਹੀ-ਤੋ-ਗ੍ਰੰਥ ਕੀ ਰਹੇਗੀ"


(ਵਲੋਂ–ਗਿਆਨੀ ਕਰਤਾਰ ਸਿੰਘ ਜੀ 'ਸਰਹੱਦੀ', ਜਮਨਾ ਨਗਰ)


ਸਦੀਆਂ ਤੋਂ ਅਸਿਹ, ਅਕਿਹ ਤੇ ਅਤਿਅੰਤ ਕਿਸਮ ਦੇ ਭਿਆਨਕ ਦੁਖਾਂ ਤੇ ਕਲੇਸ਼ਾਂ ਅੰਦਰ ਤਰਾਹ ! ਤਰਾਹ !! ਕਰ ਰਹੀ ਮਾਨਵ ਜਾਤੀ ਦੀ ਕਲਿਆਣ ਹਿਤ ਜਗਤ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਦਸੋਂ ਹੀ ਪਾਤਸ਼ਾਹੀਆਂ ਨੇ ਜੋ ਬਿਅੰਤ ਘਾਲਣਾ ਘਾਲਨ ਪਿਛੋਂ ਖਾਲਸਾ ਪੰਥ ਦੀ ਸਾਜਨਾ ਕੀਤੀ ਉਸ ਦਾ ਆਧਾਰ ਕੇਵਲ ਉੱਚ ਗੁਣਾਂ ਨੂੰ ਅਪਨਾਉਣਾ ਹੀ ਨੀਯਤ ਕੀਤਾ ਤੇ ਹਰ ਪ੍ਰਾਣੀ ਨੂੰ ਇਹੋ ਹੀ ਸਿਖਿਆ ਦਿਤੀ ਕਿ :—

'ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ।
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਂਝ ਕਰੀਜੈ ।
ਸਾਂਝ ਕਰੀਜੈ ਗੁਨਹ ਕੇਰੀ ਛੋਡਿ ਅਵਗਣੁ ਚਲੀਐ ।
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤ ਪੀਜੈ
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ।'


ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਨੇ ਛਪਵਾ ਕੇ ਦਫਤਰ 'ਸੂਰਾ' ਧੋਬੀ ਘਾਟ ਪਟਿਆਲਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

ਸੋ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਸਮਝਾਈ ਹੋਈ ਉਪਰੋਕਤ ਸਮੂਹ-ਸੁਖ ਫਲ-ਬਖ਼ਸ਼ਨ ਵਾਲੀ ਮਹਾਨ ਪਵਿਤਰ ਸਿਖਿਆ ਨੂੰ ਧਿਆਨ ਵਿਚ ਰਖਦੇ ਹੋਇਆਂ ਸ੍ਰੀ ਕਲਗੀਧਰ ਪਾਤਸ਼ਾਹ ਜੀ ਨੇ ਆਪਣੇ ਪਿਆਰੇ ਤੇ ਲਾਡਲੇ ਖਾਲਸਾ ਜੀ ਨੂੰ ਨਾ ਕੇਵਲ ਸਰੀਰਕ ਤੌਰ ਤੇ ਹੀ ਬਲਿਕ ਆਤਮਕ ਤੌਰ ਤੇ ਵੀ ਇਸ ਲਈ ਬਲਵਾਨ ਬਣਾਇਆ ਤਾਂਕਿ ਜਿਥੇ ਉਹ ਗ਼ਰੀਬਾਂ ਤੇ ਮਜ਼ਲੂਮਾਂ ਦੀ ਰਖਿਆ ਕਰਦਾ ਹੋਇਆ ਜ਼ਾਲਮਾਂ ਦੀ ਸੋਧ ਕਰੇ ਉਥੇ ਹਰ ਪ੍ਰਾਣੀ ਨੂੰ ਆਤਮਕ ਤੌਰ ਤੇ ਵੀ ਇਕ ਨਿਰੰਕਾਰ ਜੀ ਦੇ ਸਰਬ ਸਾਂਝੇ ਮਿਹਰਾਂ ਭਰੇ ਅਰਸ਼ੀ ਝੰਡੇ ਦੀ ਛਾਂ ਹੇਠ ਲਿਆਉਣ ਦੀ ਸੇਵਾ ਕਰੇ । ਭਾਵ ਜਿਹੜੀਆਂ ਰੂਹਾਂ ਪਿਆਰੇ ਸਿਰਜਨਹਾਰ ਵਾਹਿਗੁਰੂ ਤੋਂ ਵਿਛੜ ਕੇ ਵਿਕਾਰਾਂ ਦੀ ਅਗਨੀ ਵਿਚ ਸੜ ਰਹੀਆਂ ਹਨ ਉਹਨਾਂ ਦੀ ਤਪਸ਼ 'ਖਾਲਸਾ ਮੇਰੋ ਰੂਪ' ਹਰ ਹੀਲੇ ਦੂਰ ਕਰਕੇ ਮਾਨਵ ਸੁਖਾਂ ਤੇ ਕਲਿਆਣ ਦਾ ਸਾਧਨ ਬਨੇ । ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਪੁਰਾਤਨ ਸਮੂਹ ਗੁਰਸਿਖ ਇਸ ਅਰਸ਼ੀ ਸਿਖਿਆ ਅਨੁਸਾਰ ਗੁਰਬਾਣੀ ਰੂਪ ਗੁਣਾਂ ਦੇ ਵਾਸਲੇ ਵਿਚੋਂ ਹਮੇਸ਼ਾਂ ਗੁਣਾਂ ਰੂਪੀ ਸੁਗੰਧੀ ਨੂੰ ਕੱਢ ਲੈਣ ਦੇ ਹੀ ਸਦਾ ਗਾਹਕ ਬਣੇ ਰਹੇ । ਉਹਨਾਂ ਭਉਰਿਆਂ ਨੂੰ ਕੇਵਲ ਗੁਣਾਂ ਰੂਪੀ ਫੁਲਾਂ ਦੀ ਸੁਗੰਧੀ ਦੀ ਹੀ ਆਸ਼ਕੀ ਬਣੀ ਰਹਿੰਦੀ, ਤੇ ਉਹਨਾਂ ਗੁਣ ਗਾਹਕਾਂ ਨੂੰ ਹਮੇਸ਼ਾਂ ਸਿਖੀ ਗੁਣਾਂ ਨਾਲ ਹੀ ਸਾਂਝ ਤੇ ਵਾਸਤਾ ਹੁੰਦਾ । ਉਹਨਾਂ ਦੀ ਆਪਸ ਵਿਚ ਇਕ ਦੂਜੇ ਨਾਲ ਪ੍ਰਸਪਰ ਸਾਂਝ ਕੇਵਲ ਗੁਣਾਂ ਕਰ ਕੇ ਹੀ ਹੋਇਆ ਕਰਦੀ । ਕਿਸੇ ਅਉਗੁਣ ਨੂੰ ਤਾਂ ਉਹ ਨੇੜੇ ਤਕ ਆਉਣ ਹੀ ਨਾ ਦਿਆ ਕਰਦੇ । ਕਾਰਨ ਕੇਵਲ ਇਹੋ ਹੀ ਕਿ ਉਹਨਾਂ ਨੂੰ ਜਨਮ ਤੋਂ ਹੀ ਇਹੋ ਗੁੜ੍ਹਤੀ ਦਿਤੀ ਜਾਂਦੀ ਕਿ ਦੇਖੋ ਬੇਟਾ:—

ਜੇ ਗੁਣ ਹੋਵਨਿ ਸਾਜਨਾ ਮਿਲਿ ਸਾਂਝ ਕਰੀਜੈ ।
ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ ।

ਅਰਸ਼ੀ ਬਾਣੀ ਇਹ ਸਮਝਾਉਂਦੀ ਹੈ ਕਿ ਧਰਮ ਦੀ ਕਿਰਤ ਕਰਨੀ, ਕਿਸੇ ਦੂਜੇ ਦਾ ਹੱਕ ਨਾ ਮਾਰਨਾ, ਦੁਖੀਆਂ ਦਾ ਦੁਖ ਨਵਿਰਤ ਕਰਨਾ, ਉਹ ਕੰਮ ਕਰਨੇ ਜਿਨ੍ਹਾਂ ਸਦਕਾ ਲੋਕਾਈ ਦਾ ਭਲਾ ਨਿਸਚਿਤ ਹੋਵੇ, ਨਿੰਦਾ, ਚੁਗਲੀ ਤੇ ਬਖ਼ੀਲੀਆਂ ਕਰਨ ਤੋਂ ਸਦਾ ਦੂਰ ਰਹਿਣਾ, ਨਿੱਜ ਨੂੰ ਦੂਜਿਆਂ ਤੋਂ ਨੀਵਾਂ ਸਮਝਣਾ, ਸਰਬੱਤ ਦੇ ਭਲੇ ਦਾ ਇਥੋਂ ਤਕ ਚਾਹਵਾਨ ਹੋਣਾ ਕਿ ਮਨ ਕਰਕੇ ਵੀ ਕਿਸੇ ਦਾ ਮੰਦਾ ਨਾ ਚਿਤਵਨਾ, ਸਰੀਰਕ ਤੇ ਆਤਮਕ ਤੌਰ ਤੇ ਬਲਵਾਨ ਤੇ ਉੱਦਮੀ ਬਣੇ ਰਹਿਣ ਲਈ 'ਸਾਬਤ ਸੂਰਤ ਦਸਤਾਰ ਸਿਰਾ' ਰਹਿਣਾ ! ਨਾਮ, ਦਾਨ ਤੇ ਇਸ਼ਨਾਨ ਜਿਹੇ ਸਰਬ-ਸੁਖ-ਦਾਇਕ ਸ਼ੁਭ ਗੁਣਾਂ ਦਾ ਧਾਰਨੀ ਬਣੇ ਰਹਿਣ ਕਰਕੇ ਆਪਣੀ ਆਤਮਕ ਤੇ ਸਰੀਰਕ ਕਿਰਿਆ ਨੂੰ ਸਦਾ ਚੜ੍ਹਦੀਆਂ ਕਲਾਂ ਵਿਚ ਰਖਣਾ । ਇਹ ਸਭ ਅਜਿਹੇ ਸ਼ੁਭ ਗੁਣ ਹਨ ਜਿਨ੍ਹਾਂ ਦੀ ਸੰਭਾਲ ਮਿਠੀ ਰਸਨਾ ਵਾਲੇ ਗੁਣ ਦਵਾਰਾ ਸਹਿਜੇ ਹੀ ਕੀਤੀ ਜਾ ਸਕਦੀ ਹੈ । ਅਰਸ਼ੀ ਫ਼ੁਰਮਾਨ ਵੀ ਇਹੋ ਹੈ ਕਿ—

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ।

ਪਰ ਇਕ ਹੋਰ ਵੀ ਗੁਣ ਹੈ ਜਿਸ ਨੂੰ ਜੇ ਸਭ ਤੋਂ ਸ਼ਰੋਮਣੀ ਕਹਿ ਲਿਆ ਜਾਵੇ ਤਾਂ ਸ਼ਾਇਦ ਗ਼ਲਤ ਨਹੀਂ ਹੋਵੇਗਾ, ਤੇ ਉਹ ਹੈ ਆਪਣੇ 'ਨਿੱਜ' ਭਾਵ ਆਪਣੀ ਜਿੰਦੜੀ ਉਪਰ ਆਪ ਤਰਸ ਕਰਨਾ । ਅਥਵਾ ਜਿਸ ਨਿਰੰਕਾਰ ਨੇ ਸਾਨੂੰ ਸਭ ਜੂਨੀਆਂ ਤੋਂ ਉਤਮ ਤੇ ਸ੍ਰੇਸ਼ਟ ਮਨੁਖਾ ਦੇਹੀ ਬਖ਼ਸ਼ੀ ਉਸ ਸਿਰਜਨਹਾਰ ਪਿਤਾ ਨੂੰ ਸਦਾ ਹੀ ਚੇਤੇ ਵਿਚ ਰਖਣਾ, ਤੇ ਇਹੋ ਹੀ ਵੀਰੋ ! ਆਪਨੇ ਆਪ ਤੇ ਤਰਸ ਕਰਨਾ ਹੈ । ਇਸੇ ਲਈ ਅਰਸ਼ੀ ਫ਼ੁਰਮਾਨ ਦਵਾਰਾ ਸਮਝਾਇਆ ਗਿਆ ਹੈ ਕਿ—

'ਮਾਟੀ ਤੇ ਜਿਨਿ ਸਾਜਿਆ ਕਰਿ ਦੁਰਲਭ ਦੇਹ ।...
ਕਿਉ ਬਿਸਰੈ ਪ੍ਰਭੁ ਮਨੈ ਤੇ ਜਿਸ ਕੇ ਗੁਣ ਏਹ ।'

ਇੰਜ ਧੁਰੋਂ ਆਈ ਅਰਸ਼ੀ ਬਾਣੀ ਦੇ ਅਰਥ ਭਾਵ ਦੀ ਸੂਝ ਬੂਝ ਹੋਣ ਕਰਕੇ ਪੁਰਾਤਨ ਗੁਰਸਿਖਾਂ ਨੂੰ ਇਸ ਗਲ ਦਾ ਪੂਰਨ ਤੌਰ ਤੇ ਗਿਆਨ ਹੁੰਦਾ ਸੀ ਕਿ ਨਿਰੰਕਾਰ ਜੀ ਨੇ ਨਾ ਕੇਵਲ ਸਾਨੂੰ 'ਉਤਮ ਜਨਮ ਸੁ ਮਾਨਸ ਦੇਹਾਂ' ਹੀ ਬਖਸ਼ੀ ਹੋਈ ਹੈ ਬਲਕਿ ਸਾਡੀ ਸਦੈਵੀ ਚੜ੍ਹਦੀ ਕਲਾ ਹਿਤ ਅਪਨੀ ਹਰ ਥਾਂ ਭਰਪੂਰ ਨਿੱਜੀ ਜਾਗਤ ਜੋਤਿ ਦੀ ਅੰਸ਼ ਨੂੰ ਵੀ ਉਸ



www.AKJ.Org

ਵਿਚ ਸੁਭਾਇਮਾਨ ਕੀਤਾ ਹੋਇਆ ਹੈ ਤੇ ਹਰ ਕੋਈ ਇਹ ਪ੍ਰਤੱਖ ਹੀ ਵੇਖ ਰਿਹਾ ਹੈ ਕਿ ਵਾਹਿਗੁਰੂ ਦੀ ਉਸ ਨਿਜੀ ਜੀਵਨ ਜੋਤਿ ਸਦਕਾ ਹੀ ਅਸੀਂ ਤੁਸੀਂ ਸਾਰੇ ਦੇ ਸਾਰੇ ਚਲਦੇ ਫਿਰਦੇ ਤੇ ਆਪੋ ਆਪਣੇ ਕਾਰ ਵਿਹਾਰ ਕਰਦੇ ਹਾਂ, ਤੇ ਜਦੋਂ ਨਿਰੰਕਾਰ ਪਿਤਾ ਜੀਉ ਆਪਣੀ ਉਸ ਨਿਜੀ ਜਾਗਤ ਜੋਤਿ ਨੂੰ ਕਿਸੇ ਸਰੀਰ ਵਿਚੋਂ ਆਕਰਖ (ਖਿਚ) ਲੈਂਦੇ ਹਨ ਤਾਂ ਉਹ ਸਰੀਰ ਢਹਿ ਢੇਰੀ ਹੋ ਜਾਇਆ ਕਰਦਾ ਹੈ। ਸੋ ਹਰ ਸਮੇਂ ਅਜਿਹੇ ਨੇੜੇ ਤੋਂ ਨੇੜੇ ਰਹਿਣ ਵਾਲੇ ਪਿਆਰੇ ਨਿਰੰਕਾਰ ਦੀ ਪ੍ਰਮ ਪਵਿਤਰ ਯਾਦ ਨੂੰ ਆਪਣੇ ਮਨ ਵਿਖੇ ਸਦਾ ਕਾਇਮ ਦਾਇਮ ਤਾਜ਼ਾ ਰਖਣਾ ਹੀ ਆਪਣੇ ਆਪ ਉਪਰ ਤਰਸ ਕਰਨਾ ਹੈ, ਤੇ ਐਸਾ ਕਰਨ ਦਾ ਨਤੀਜਾ ਇਹ ਹੋਵੇਗਾ ਕਿ ਉਸ ਨਿਰੰਕਾਰ ਨਾਲ ਨਾਮ ਸਿਮਰਨ ਦਵਾਰਾ ਸਵਾਸਿ ਸਵਾਸ ਜੁੜੇ ਰਹਿਣ ਕਰਕੇ ਉਸ ਜਹੇ ਉਚੇ ਤੇ ਸੁਚੇ ਜੋ ਵੀ ਗੁਣ ਸਾਡੇ ਵਿਚ ਇੰਜ ਸੁਤੇ ਹੀ ਤੁਰੇ ਚਲੇ ਆਵਣਗੇ ਜਿਵੇਂ ਕਿਸੇ ਬਿਜਲੀ ਦੇ ਬਲਬ ਦਾ ਜੋੜ ਬਿਜਲੀ ਘਰ ਵਿਚੋਂ ਆ ਰਹੀ ਬਿਜਲੀ ਨਾਲ ਜੋੜਿਆਂ ਸੁਤੇ ਸਿਧ ਸਭ ਪਾਸੇ ਚਾਨਣ ਹੀ ਹੋ ਜਾਇਆ ਕਰਦਾ ਹੈ। ਪਰ ਚੇਤੇ ਰਖਣ ਵਾਲੀ ਗਲ ਇਹ ਹੈ ਪਿਆਰੇ ਨਿਰੰਕਾਰ ਨਾਲ ਅਜਿਹਾ ਸਦੀਵੀ ਮਿਲਾਪ ਉਸ ਦੀ ਬਨਾਈ ਹੋਈ ਕੁਦਰਤੀ ਵਿਉਂਤ ਅਨੁਸਾਰ ਪਵਿਤਰ ਕੇਸਾਂ ਅੰਦਰ ਗੁਪਤ ਰਖੀ ਹੋਈ ਰੂਹਾਨੀਅਤ ਨੂੰ ਆਕਰਖ ਕਰ ਲੈਣ ਵਾਲੀ ਅਦਿਭੁਤ ਮਿਕਨਾ-ਤੀਸੀ ਸ਼ਕਤੀ ਕਰਕੇ ਹੀ ਹੋਇਆ ਕਰਦਾ ਹੈ ਇਹੋ ਕਾਰਨ ਹੈ ਕਿ ਗੁਰਮਤਿ ਅੰਦਰ ਭਾਵੇਂ ਸਰੀਰ ਦੀ ਰਖਿਆ ਤੇ ਸੰਭਾਲ ਲਈ 'ਨਾਨਕ ਸੋ ਪ੍ਰਭੂ ਸਿਮਰੀਐ ਤਿਸੁ ਦੇਹੀ ਕਉ ਪਾਲਿ' ਜਹੇ ਅਨੇਕਾਂ ਹੁਕਮਾਂ ਰਾਹੀਂ ਸਮਝਾਇਆ ਗਿਆ ਹੋਇਆ ਹੈ ਪਰ ਪਵਿਤਰ ਕੇਸਾਂ ਦੀ ਰਖਿਆ, ਸੰਭਾਲ ਤੇ ਪ੍ਰਿਤਪਾਲਨਾ ਲਈ ਉਸ ਤੋਂ ਵੀ ਕਈ ਗੁਣਾਂ ਵਧ ਤਾਕੀਦ ਕੀਤੀ ਗਈ ਹੋਈ ਹੈ ਜਿਵੇਂ ਕਿ:—

'ਕੇਸਨ ਕੀ ਕੀਜੈ ਪ੍ਰਿਤਪਾਲ।
ਨਹਿ ਉਸਤ੍ਰਣ ਸੋ ਕਟੀਯੋ ਬਾਲ।'

—ਹੁਕਮ ਪਾਤਸ਼ਾਹੀ ੧੦ (ਪੰਥ ਪ੍ਰਕਾਸ਼)

ਪਰ ਭਾਰੀ ਅਫਸੋਸ ਦੀ ਗਲ ਹੈ ਜਿਨ੍ਹਾਂ ਗੁਰਸਿਖਾਂ ਦੀ ਸੰਤਾਨ ਨੇ ਪਵਿਤਰ ਕੇਸਾਂ ਦੀ ਬਰਕਤ ਸਦਕਾ ਰੂਹਾਨੀਅਤ ਭਰਪੂਰ ਸ਼ੁਭ ਗੁਣਾਂ ਨੂੰ ਉਜਾਗਰ ਕਰਕੇ ਸੂਰਬੀਰ, ਬਲਵਾਨ, ਧਰਮੀ ਤੇ ਚੜ੍ਹਦੀਆਂ ਕਲਾਂ ਦੇ ਮਾਲਕ ਬਣੇ ਰਹਿਣਾ ਸੀ, ਉਹਨਾਂ ਸਬੰਧੀ ਪ੍ਰੈਸ ਅਤੇ ਪਲੈਟ-ਫਾਰਮ ਰਾਹੀਂ ਅਜ ਹਰ ਪਾਸਿਉਂ ਇਹੋ ਹੀ ਆਵਾਜ਼ ਉਠਾਈ ਜਾ ਰਹੀ ਹੈ ਕਿ ਇਹਨਾਂ ਅਜ ਦੇ ਸਿਖ ਨੌਜਵਾਨਾਂ ਦੇ ਡਿਗਦੇ ਜਾ ਰਹੇ ਸਿਖੀ ਜੀਵਨ ਦੀ ਸੰਭਾਲ ਕਰੋ। ਹਰ ਚੜ੍ਹਦੇ ਸੂਰਜ ਪ੍ਰੈਸ ਅਤੇ ਪਲੈਟ-ਫ਼ਾਰਮ ਰਾਹੀਂ ਅਨੇਕਾਂ ਹੀ ਦੂਸ਼ਨ ਸਿਖ ਨੌਜਵਾਨਾਂ ਉਪਰ ਲਾਏ ਜਾਂਦੇ ਹਨ। ਨਾਸਤਕ ਲੋਗਾਂ ਵਿਚ ਸਭ ਤੋਂ ਵਧ ਗਿਣਤੀ ਸਿਖਾਂ ਦੀ ਹੀ ਦਸੀ ਜਾਂਦੀ ਹੈ। ਸਿਨਮਾ ਦੇ ਐਕਟਰ ਸਿਖ ਕਿਸੇ ਨਾਲੋਂ ਘਟ ਭਰਤੀ ਨਹੀਂ ਹੋ ਰਹੇ। ਉੱਚਾ ਸਿਖੀ ਆਚਰਨ ਥਿਰ ਰੱਖਣ ਲਈ ਅੰਮ੍ਰਿਤ-ਧਾਰੀ ਹੋਣਾ, ਗੁਰਬਾਣੀ ਪੜ੍ਹਨੀ ਤੇ ਵੀਚਾਰਨੀ, ਸੇਵਾ ਭਾਵ ਅਤੇ ਗੁਰਮਤਿ ਨਿਯਮਾਂ ਅਨੁਸਾਰ ਪੁਰਾਤਨ ਗੁਰਸਿਖਾਂ ਜਹੀ ਰਹੁ-ਰੀਤ ਰਖਣੀ, ਨਾਮ ਜਪਣਾ ਤੇ ਵੰਡ ਕੇ ਛਕਣਾ, ਇਹ ਸਾਰੀਆਂ ਦੀਆਂ ਸਾਰੀਆਂ ਉੱਚ ਕਰਨੀਆਂ ਅਜ ਦੇ ਸਮੇਂ ਅੰਦਰ ਪੁਰਾਣੀਆਂ ਹੋ ਚੁਕੀਆਂ ਗਲਾਂ ਸਮਝੀਆਂ ਜਾਣ ਲਗ ਪਈਆਂ ਹਨ। ਫ਼ੈਸ਼ਨ ਪ੍ਰਸਤੀ, ਧਰਮ ਨਾਲ ਠੱਗੀ, ਸਿਨੇਮਾ ਦੇ ਗੰਦੇ ਨਾਟਕ ਚੇਟਕ ਕਰਨ ਕਰਾਉਣ ਵਾਲਾ ਬਾਜ਼ਾਰ ਅਜ ਖੂਬ ਗਰਮ ਹੋ ਚੁਕਿਆ ਹੈ ਅਤੇ ਇਹੋ ਜਿਹੀਆਂ ਆਪਾ ਤਬਾਹ ਕਰੂ ਗਲਾਂ ਨੂੰ ਨਵੀਂ ਰੋਸ਼ਨੀ ਕਿਹਾ ਜਾਂਦਾ ਹੈ। ਇੰਜ ਧਾਰਮਕ ਸ਼ਰਧਾ ਉਚੀ ਪੱਧਰ ਤੇ ਨਾ ਰਹਿਣ ਕਰਕੇ ਅਜ ਪੰਥ ਵਿਚੋਂ ਪੁਰਾਤਨ ਬਜ਼ੁਰਗਾਂ ਵਾਲਾ ਉਚਾ, ਸੁਚਾ ਤੇ ਉੱਦਮੀ ਜੀਵਨ ਅਲੋਪ ਹੁੰਦਾ ਚਲਿਆ ਜਾ ਰਿਹਾ ਹੈ ਜਿਸ ਕਰਕੇ ਸਿਖ ਪੰਥ ਅਜ ਪਹਿਲੇ ਜਹੇ ਧਰਮੀ ਆਗੂ, ਪਰ-ਉਪਕਾਰੀ ਜੀਵੜੇ, ਦੂਰ-ਦਰਸ਼ੀ (ਦੀਰਘ ਦ੍ਰਿਸ਼ਟੀ ਰਖਣ ਵਾਲੇ) ਵਿਦਵਾਨ ਅਤੇ ਦਇਆਵਾਨ ਯੋਧੇ ਬਹੁਤ ਹੀ ਘਟ ਪੈਦਾ ਕਰ ਰਿਹਾ ਹੈ। ਇਹੋ ਕਾਰਨ ਹੈ ਕਿ ਆਪਣੇ ਧਰਮ ਵਲੋਂ ਪਤਿਤ ਹੋਣ ਵਾਲੇ ਬਹੁਤੇ ਸਿਖ ਹੀ ਦੇਖੇ ਜਾਂਦੇ ਹਨ।

ਉਪ੍ਰੋਕਤ ਦੁਖਾਂਤ ਭਰੇ ਹਾਲਾਤ ਅੰਦਰ ਸੁਭਾਵਕ ਹੀ ਚਿਤ ਵਿਚੋਂ ਇਹ ਪ੍ਰਸ਼ਨ ਉਠ ਰਹੇ ਹਨ ਕਿ:—



www.AKJ.Org

(੧) ਜਿਸ ਖਾਲਸਾ ਪੰਥ ਅੰਦਰ ਸਭ ਤੋਂ ਵਧ ਪ੍ਰਚਾਰਕ, ਰਾਗੀ, ਢਾਡੀ, ਸੰਤ ਤੇ ਗ੍ਰੰਥੀ ਸਿੰਘ ਹੋਣ, ਉਸ ਧਰਮ ਦੇ ਮੰਨਣ ਵਾਲਿਆਂ ਦਾ ਧਾਰਮਕ ਜਜ਼ਬਾ ਅਜ ਢਹਿੰਦੀਆਂ ਕਲਾਂ ਨੂੰ ਕਿਉਂ ਜਾ ਰਿਹਾ ਹੈ?

(੨) ਕਿਉਂ ਅਮੀਰ ਘਰਾਣੇ ਧਾਰਮਕ ਗਿਰਾਵਟ ਅੰਦਰ ਬਾਕੀ ਸਭ ਲੋਕਾਂ ਨਾਲੋਂ ਵਧ ਨੰਬਰ ਲਈ ਚਲੇ ਜਾ ਰਹੇ ਹਨ?

(੩) ਉਹ (ਅਮੀਰ) ਆਪਣੇ ਖ਼ਾਨਦਾਨਾਂ ਦੇ ਸਿਖੀ ਭਵਿਖਤ ਨੂੰ ਸੁਰੱਖਿਅਤ ਤੇ ਹਰਾ ਭਰਾ ਰੱਖਣ ਲਈ ਕਿਉਂ ਦੀਰਘ ਦ੍ਰਿਸ਼ਟੀ ਨਾਲ ਕੋਈ ਸੋਚ ਵਿਚਾਰ ਨਹੀਂ ਕਰ ਰਹੇ?

(੪) ਆਪਣੇ ਨਿਜੀ ਸਵਾਰਥ ਲਈ ਨਿਝੱਕ ਹੋ ਕੇ ਆਪਣੀ ਹੀ ਕੌਮ ਨਾਲ ਗ਼ੱਦਾਰੀ ਕਰ ਲੈਣੀ ਅਜ ਕਿਉਂ ਸਾਧਾਰਨ ਜਹੀ ਗਲ ਹੋ ਚੁਕੀ ਹੈ?

(੫) ਆਮ ਸਾਧਾਰਨ ਸਿਖ ਜਨਤਾ ਅੰਦਰ ਜੋ ਦਿਨੋ ਦਿਨ ਬੇ-ਰੁਜ਼ਗਾਰੀ ਵਧਦੀ ਚਲੀ ਜਾ ਰਹੀ ਹੈ ਤੇ ਸਿਖ ਨੌਜਵਾਨਾਂ ਦੇ ਕੋਮਲ ਚਿਹਰਿਆਂ ਉਪਰ ਜੋ ਹਮੇਸ਼ਾਂ ਸਹਿਮ ਜਿਹਾ ਹੀ ਛਾਇਆ ਰਹਿੰਦਾ ਹੈ, ਉਸ ਦਾ ਅਸਲੀ ਕਾਰਨ ਕੀ ਹੈ?

(੬) ਉਹ ਕਿਹੜੇ ਕਾਰਨ ਹਨ ਜਿਸ ਕਰ ਕੇ ਸਾਡਾ ਜ਼ਿਮੀਂਦਾਰ ਤਬਕਾ ਸਦਾ ਕਚਹਿਰੀਆਂ ਦੇ ਹੀ ਗੇੜੇ ਕੱਢਦਾ ਰਹਿੰਦਾ ਹੈ? ਤੇ ਆਖ਼ਿਰ ਉਸ ਦਾ ਅੰਤਰੀਵ ਕਾਰਨ ਵੀ ਕੀ ਹੈ?

(੭) ਕੀ ਸਾਨੂੰ ਆਪਣੀ ਉਸ ਭਾਰੀ ਅਨਗਹਿਲੀ ਵਾਲੇ ਭੇਦਾਂ ਨੂੰ ਲਭਣਾ ਨਹੀਂ ਚਾਹੀਦਾ ਜਿਸ ਕਰ ਕੇ ਪਿਛੇ ਜਹੇ ਯੂ.ਪੀ. ਦੇ ਲਗ ਪਗ ਤਿੰਨ ਲਖ ਸਿਖ ਪਤਿਤ ਹੋ ਗਏ ਸਨ?

(੮) ਕੀ ਕੋਈ ਦਸ ਸਕਦਾ ਹੈ ਕਿ ਸਾਡੇ ਉਹ ਕਰੋੜਾਂ ਸਹਿਜ-ਧਾਰੀ ਵੀਰ ਅਜ ਕਿਥੇ ਗ਼ਾਇਬ ਹੋ ਗਏ ਹਨ ਜਿਹੜੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖੀ ਅੰਦਰ ਕੇਸ-ਧਾਰੀਆਂ ਤੋਂ ਵੀ ਕਈ ਗੁਣਾਂ ਵਧ ਸ਼ਰਧਾ ਤੇ ਵਿਸ਼ਵਾਸ਼ ਰਖਿਆ ਕਰਦੇ ਸਨ?

(੯) ਸਾਡੇ ਉਹ ਹਜ਼ਾਰਾਂ ਸਿਖ ਨੌਜਵਾਨ ਜਿਨ੍ਹਾਂ ਨੂੰ ਉੱਚੀ ਵਿਦਿਆ ਦਿਵਾਉਣ ਲਈ ਉਹਨਾਂ ਦੇ ਮਾਤਾ ਪਿਤਾ ਤੇ ਸਿਖ ਪੰਥ ਵਲੋਂ ਲੱਖਾਂ ਕਰੋੜਾਂ ਰੁਪਏ ਖ਼ਰਚ ਕੀਤੇ ਗਏ, ਉਹ ਨੌਜਵਾਨ ਵਲਾਇਤਾਂ ਅੰਦਰ ਜਾ ਕੇ ਸਿਰ ਮੂੰਹ ਮੁਨਾ ਤੇ ਸਿਗਰਟ ਬਣ ਅਜ ਸਾਰੀ ਕੌਮ ਲਈ ਕਿਸ ਵਜਾਹ ਕਰ ਕੇ ਕਲੰਕ ਦਾ ਕਾਰਨ ਬਣ ਰਹੇ ਹਨ?

(੧੦) ਦੇਸ਼ ਭਰ ਦੇ ਖਾਲਸਾ ਸਕੂਲਾਂ ਤੇ ਕਾਲਜਾਂ ਵਿਚੋਂ ਨਿਕਲ ਰਹੇ ਸਿਖ ਵਿਦਿਆਰਥੀਆਂ ਦੇ ਸਿਖੀ ਜੀਵਨ ਵੀ ਝਾਤੀ ਮਾਰ ਕੇ ਦੇਖਦੇ ਚਲੇ ਜਾਓ।

(੧੧) ਇਸ ਤੋਂ ਛੁਟ ਜ਼ਾਤਾਂ ਪਾਤਾਂ ਵਾਲੇ ਭਿਆਨਕ ਬੰਧਨਾਂ 'ਚੋਂ ਅਸੀਂ ਕਿਥੋਂ ਤਕ ਛੁਟਕਾਰਾ ਹਾਸਲ ਕਰ ਸਕੇ ਹਾਂ, ਇਸ ਭਿਆਨਕ ਕਿਸਮ ਦੀ ਲਾਹਨਤ ਨੂੰ ਵੀ ਸਾਹਮਣੇ ਰਖ ਲਵੋ।

(੧੨) ਇਹ ਵੀ ਸੋਚੋ ਕਿ ਪੰਜਾਬ ਭਰ ਦੀਆਂ ਸੰਮੂਹ ਜੇਹਲਾਂ ਅੰਦਰ ਗਹਿਮਾਂ ਗਹਿਮ ਬਹੁਤੀ ਸਿਖ ਕੈਦੀਆਂ ਕਰ ਕੇ ਹੀ ਕਿਉਂ ਰਹਿੰਦੀ ਹੈ।

(੧੩) ਕਿਸੇ ਸਿਖ ਨੌਜਵਾਨ ਦਾ ਕੇਵਲ ਇਸ ਲਈ ਪਤਿਤ (ਕੇਸ-ਹੀਨ) ਹੋ ਜਾਣਾ ਕਿ ਐਸਾ ਕਰਨ ਨਾਲ ਸ਼ਾਇਦ ਉਸ ਨੂੰ ਕੋਈ ਉੱਚ ਸਰਕਾਰੀ ਨੌਕਰੀ ਸਹਿਜੇ ਹੀ ਮਿਲ ਜਾਵੇਗੀ, ਕੀ ਇਹ ਸਾਰੀ ਦੀ ਸਾਰੀ ਸਿਖ ਕੌਮ ਵਾਸਤੇ ਸ਼ਰਮ ਦਾ ਬਾਇਸ ਨਹੀਂ?

ਅਫ਼ਸੋਸ! ਸਦ ਅਫ਼ਸੋਸ!! ਦਿਲ ਦੁਖਦਾ ਤੇ ਆਹਾਂ ਬਾਹਰ ਨੂੰ ਆ ਰਹੀਆਂ ਹਨ। ਹੈਰਾਨ ਹਾਂ ਕਿ ਇਥੇ ਉਸ ਕਿਹੜੀ ਭਿਆਨਕ ਕਿਸਮ ਦੀ ਢਾਹ ਦਾ ਜ਼ਿਕਰ ਕੀਤਾ ਜਾਏ ਜੋ ਪੰਥ ਨੂੰ ਨੇਸਤੋ-ਨਾਬੂਦ ਕਰਨ ਲਈ ਉਸ ਨੂੰ ਚੌਤਰਫੀ ਲਗ ਰਹੀ ਹੈ। ਕਈ ਅਜਿਹੇ 'ਬੁਕੱਲ ਦੇ ਸੱਪ' ਵੀ ਹਨ ਜੋ ਕੇਸ ਦਾਹੜੀਆਂ ਰਖ ਕੇ ਸਿਖੀ ਵਿਰੁਧ ਹਰ ਸਮੇਂ ਸਲੋਤਰ ਹੀ ਫੜੀ ਰਖਦੇ ਹਨ ਤੇ ਪੁਠੇ ਸਿਧੇ ਤਰੀਕੇ ਨਾਲ ਮਨ-ਮਤਿ ਜਾਂ ਗੁਰੂ ਡਮ ਦਾ ਪ੍ਰਚਾਰ ਕਰਦੇ ਰਹਿੰਦੇ ਹਨ। ਅਜਿਹੇ ਘਰ ਫੂਕ ਤਮਾਸ਼ਾ ਵੇਖਣ ਵਾਲੇ ਬੰਦਿਆਂ ਪਾਸੋਂ ਸਮੂਹ ਗੁਰਸਿਖਾਂ ਨੂੰ ਇਸ ਲਈ ਪੂਰਨ ਤੌਰ ਤੇ ਸੁਚੇਤ ਰਹਿਣਾ ਚਾਹੀਦਾ ਹੈ ਕਿਉਂਕਿ ਅਜਿਹੇ ਲੋਕ ਪੰਥਕ ਹਸਤੀ ਅਤੇ ਪੰਥਕ ਏਕਤਾ ਨੂੰ ਕਾਇਮ ਰੱਖਣ ਦੇ ਰਾਹ ਵਿਚ ਸਭ ਤੋਂ ਵਧ ਭਿਆਨਕ ਤੇ ਖਤਰਨਾਕ ਹਨ। ਕਾਰਨ ਇਹ ਕਿ ਜਿਹੜਾ ਇਨਸਾਨ ਸਿਖਾਂ



www.AKJ.Org

ਦਾ ਭੇਸ ਧਾਰਨ ਕਰਕੇ ਸਿਖੀ ਵਿਰੁਧ ਭਾਵੇਂ ਜ਼ਾਹਿਰਾ ਤੇ ਭਾਵੇਂ ਅੰਦਰੂਨੀ ਕਿਸੇ ਵੀ ਤਰ੍ਹਾਂ ਪ੍ਰਚਾਰ ਕਰਦਾ ਤੇ ਹਾਨੀ-ਕਾਰਕ ਵਿਉਂਤਾਂ ਘੜਦਾ ਰਹਿੰਦਾ ਹੈ, ਉਸ ਦਾ ਅਸਰ ਗੈਰ-ਸਿਖਾਂ (ਅਨਮਤੀਆਂ) ਦੇ ਪ੍ਰਚਾਰ ਤੋਂ ਵੀ ਵੱਧ ਤਬਾਹੀ ਦਾ ਕਾਰਨ ਹੁੰਦਾ ਹੈ। ਇਸ ਸਬੰਧ ਵਿਚ ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਗੁਲਾਬਾ, ਧਿਆਨਾ ਤੇ ਸੁਚੇਤੂ ਨਾਮ ਦੇ ਡੋਗਰਿਆਂ ਨੇ ਵੇਖਾ ਵੇਖੀ ਕੇਸ ਦਾਹੜੀਆਂ ਇਸ ਲਈ ਰਖ ਲਈਆਂ ਤਾਂ ਜੋ ਇਸ ਢੰਗ ਨਾਲ ਸਿਖ ਰਾਜ ਦਰਬਾਰੋਂ ਮਾਨ ਪ੍ਰਾਪਤ ਕੀਤਾ ਜਾਏ ਤੇ ਇੰਜ ਉਹਨਾਂ ਦੇ ਨਾਮ ਗੁਲਾਬ ਸਿੰਘ, ਧਿਆਨ ਸਿੰਘ ਤੇ ਸੁਚੇਤ ਸਿੰਘ ਹੋ ਗਏ। ਪਰ ਦਿਲੋਂ ਸਿਖੀ ਦੇ ਸ਼ਰਧਾਲੂ ਨਾ ਹੋਣ ਕਰਕੇ ਉਹਨਾਂ ਮਤਲਬ ਪ੍ਰਸਤ ਭੇਖੀ ਲੋਗਾਂ ਨੇ ਸਿਖ ਰਾਜ ਨੂੰ ਐਸੀ ਬੁਰੀ ਤਰ੍ਹਾਂ ਨਾਲ ਖਤਮ ਕੀਤਾ ਕਿ ਜਿਸ ਦਾ ਜ਼ਿਕਰ ਕਰਨ ਲਗਿਆਂ ਹੀ ਸਰੀਰ ਦੇ ਸਾਰੇ ਰੋਮ ਕੰਡਿਆਂ ਵਾਂਗ ਖੜੇ ਹੋ ਜਾਂਦੇ ਹਨ।

ਇਸ ਲਈ ਚੇਤੇ ਰਖਣਾ ਚਾਹੀਦਾ ਹੈ ਕਿ ਗੁਰਮਤਿ ਦੀ ਕਦਰ ਅਜ ਦੇ ਸਿਖ ਨੌਜਵਾਨਾਂ ਅੰਦਰ ਤਾਂ ਹੀ ਪੈਦਾ ਕੀਤੀ ਜਾ ਸਕਦੀ ਹੈ ਜੇ ਉਸ ਦੀ ਲੋੜ ਸਾਇੰਟਿਫਿਕ ਅਸੂਲਾਂ ਅਨੁਸਾਰ ਉਹਨਾਂ ਦੇ ਜ਼ਿਹਨ-ਨਸ਼ੀਨ ਕਰਾ ਦਿਤੀ ਜਾਏ। ਜਦ ਤਕ ਪੜ੍ਹੇ ਲਿਖੇ ਹੋਣਹਾਰਾਂ ਨੂੰ ਗੁਰਮਤਿ ਸਬੰਧੀ ਵਿਧੀ-ਪੂਰਬਕ ਦਲੀਲਾਂ ਰਾਹੀਂ ਵਾਕਫ਼ੀਅਤ ਨਹੀਂ ਦਿਤੀ ਜਾਵੇਗੀ! ਉਦੋਂ ਤਕ ਗੁਰਮਤਿ ਲਈ ਅਸਲੀ ਸਚੇ ਤੇ ਸੁਚੇ ਗਾਹਕ ਪੈਦਾ ਨਹੀਂ ਹੋ ਸਕਣਗੇ। ਅਜਿਹੀ ਹਾਲਤ ਅੰਦਰ ਗੁਰਮਤਿ ਵਲੋਂ ਹਨੇਰੇ ਵਿਚ ਰਹਿਣ ਵਾਲੇ ਸਿਖ ਨੌਜਵਾਨਾਂ ਨੂੰ ਨਾਸਤਕ, ਪਤਿਤ ਜਾਂ ਗੱਦਾਰ ਤਕ ਬਣ ਜਾਣ ਤੋਂ ਫਿਰ ਕੋਈ ਵੀ ਰੋਕ ਨਹੀਂ ਸਕੇਗਾ, ਤੇ ਅਜਿਹਾ ਵਾਤਾਵਰਨ ਪੈਦਾ ਹੋ ਜਾਣ ਦਾ ਦੋਸ਼ ਸਿਖ ਨੌਜਵਾਨਾਂ ਉਪਰ ਨਹੀਂ ਬਲਕਿ ਨਿਰਸੰਦੇਹ ਪੰਥ ਦੇ ਉਹਨਾਂ ਆਗੂਆਂ ਉਪਰ ਹੋਵੇਗਾ ਜਿਨ੍ਹਾਂ ਦੇ ਹਥ ਵਿਚ ਸਿਖ ਧਰਮ ਪ੍ਰਚਾਰ ਦੀ ਵਾਗਡੋਰ ਹੈ ਜਾਂ ਅਗੋਂ ਲਈ ਹੋਵੇਗੀ। ਹੱਤਾ ਕਿ ਆਮ ਸਿਖ ਗੁਰਦਵਾਰਿਆਂ ਦੇ ਪ੍ਰਬੰਧਕ ਵੀ ਆਪਣੀ ਅਨਗਹਿਲੀ ਸਦਕਾ ਇਸ ਭਾਰੀ ਦੋਸ਼ ਤੋਂ ਨਹੀਂ ਬਚ ਸਕਣਗੇ। ਉਹ ਸਮਾਂ ਹੁਣ ਦੂਰ ਨਹੀਂ ਜਦੋਂ ਕਿ ਗੁਰਮੁਖ ਸਿਖ ਨੌਜਵਾਨ ਪ੍ਰੈਸ ਅਤੇ ਪਲੈਟ-ਫ਼ਾਰਮ ਨੂੰ ਆਪਣੇ ਸੁਚਜੇ ਹੱਥਾਂ ਵਿਚ ਲੈ ਕੇ ਸਿਖ ਆਗੂਆਂ ਪਾਸੋਂ ਇਹ ਗਲ ਪੁਛਣ ਲਈ ਮਜਬੂਰ ਹੋ ਜਾਣਗੇ ਕਿ ਉਹਨਾਂ ਨੇ ਸਿਖ ਨੌਜਵਾਨਾਂ ਨੂੰ ਗੁਰਮਤਿ ਵਲੋਂ ਅਜ ਦਿਨ ਤਕ ਹਨੇਰੇ ਵਿਚ ਕਿਉਂ ਰਖਿਆ?

ਸੋ ਪੰਥ ਨਾਲ ਦਰਦ ਰੱਖਣ ਵਾਲੇ ਪਿਆਰੇ ਗੁਰਮੁਖ ਵੀਰੋ ਤੇ ਭੈਣੋ! ਇਹ ਗਲ ਹੁਣ ਸਾਨੂੰ ਨਿਸਚੇ ਕਰ ਲੈਣੀ ਚਾਹੀਦੀ ਹੈ ਕਿ ਜੇ ਅਸੀਂ ਸਚ-ਮੁਚ ਹੀ ਅਜ ਦੇ ਸਿਖ ਨੌਜਵਾਨਾਂ ਦੇ ਡਿਗਦੇ ਜਾ ਰਹੇ ਸਿਖੀ ਜੀਵਨ ਦੀ ਸੰਭਾਲ ਕਰਕੇ ਉਨ੍ਹਾਂ ਨੂੰ ਸਦੈਵੀ ਚੜ੍ਹਦੀਆਂ ਕਲਾਂ ਸਹਿਤ ਵਿਚਰਦੇ ਵੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਦ੍ਰਿੜ ਨਿਸਚੇ ਨਾਲ ਕੋਈ ਠੋਸ ਕਦਮ ਚੁਕਣਾ ਹੀ ਪਵੇਗਾ, ਤੇ ਇਹ ਵੀ ਸੋਚਣਾ ਚਾਹੀਦਾ ਹੈ ਕਿ ਅਸੀਂ ਅਪਨੀ ਨਾ-ਇਤਫ਼ਾਕੀ, ਦੁਬਿਧਾ ਤੇ ਪਾਟੋ ਧਾੜ ਸਦਕਾ ਸੰਸਾਰ ਭਰ ਦੀਆਂ ਨਜ਼ਰਾਂ ਵਿਚ ਕਿਤਨੇ ਕੁ ਨੀਵੇਂ ਹੋ ਗਏ ਹਾਂ?

ਬੱਸ ਵੀਰੋ! ਇਸ ਸਮੇਂ ਸਾਡੇ ਲਈ ਹੁਣ ਦੋ ਹੀ ਰਾਹ ਬਾਕੀ ਹਨ। ਇਕ ਇਹ ਕਿ ਅਸੀਂ ਅਨ-ਮਤੀਆਂ ਵਿਚ ਮਿਲਗੋਭਾ ਹੋ ਕੇ ਸਦਾ ਲਈ ਨੇਸਤੋ-ਨਾਬੂਦ ਹੋ ਜਾਈਏ ਤੇ ਦੂਜਾ ਇਹ ਕਿ ਅਸੀਂ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੇਮ-ਸੁਖਦਾਇਕ ਪਾਵਨ ਹੁਕਮਾਂ ਅਨੁਸਾਰ 'ਸਾਬਤ ਸੂਰਤ ਦਸਤਾਰ ਸਿਰਾ' ਰਹਿੰਦੇ ਹੋਏ ਸਰਬੱਤ ਦੇ ਭਲੇ ਲਈ ਸਦਾ ਚੜ੍ਹਦੀਆਂ ਕਲਾਂ ਸਹਿਤ ਵਿਚਰਦੇ ਰਹੀਏ। ਇਹ ਅਮਰ ਸੂਚਨਾ ਹੁਣ ਹਰ ਕਿਸੇ ਨੂੰ ਦ੍ਰਿੜਤਾ ਨਾਲ ਜ਼ਿਹਨ ਕਰ ਲੈਣੀ ਚਾਹੀਦੀ ਹੈ ਕਿ ਜੇ ਵੀਰੋ:—

"ਪੰਥ ਕੀ ਰਹੀ, ਤੋ ਗ੍ਰੰਥ ਕੀ ਰਹੇਗੀ।"

——

**ਸਾਲਾਨਾ ਅਖੰਡ ਕੀਰਤਨ ਸਮਾਗਮ ਪਟਿਆਲਾ ੨੬,੨੭ ਤੇ ੨੯ ਫ਼ਰਵਰੀ ੧੯੭੧ ਨੂੰ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ ਵਿਖੇ ਹੋਣਗੇ।**



www.AKJ.Org

# ਮਾਇਆ ਦਾ ਪ੍ਰਭਾਵ

ਵਲੋਂ :

ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ

ਲੜੀ ਜੋੜਨ ਲਈ 20 ਦਸੰਬਰ ਦਾ ਪਰਚਾ ਵੇਖੋ

*

ਗੂਜਰੀ ਮਹਲਾ ੩ ਘਰ ੧।

ਸੁਰਿ ਨਰ ਪਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ । ਸਿਧ ਸਾਧਿਕ ਲਿਵਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ। ਖੰਡ ਬ੍ਰਹਮੰਡ ਤ੍ਰੈਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ। ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ। ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦ ਲਿਵ ਲਾਏ। ਸੇ ਭਗਤ ਸੇ ਤਤ ਗਿਆਨੀ ਜਿਨ ਕਉ ਹੁਕਮ ਮਨਾਏ।

ਇਸ ਸਮੁਚੇ ਗੁਰਵਾਕ ਅੰਦਰ ਇਹ ਦਰਸਾਇਆ ਗਿਆ ਹੈ ਕਿ ਵਾਹਿਗੁਰੂ ਦੀ ਭਗਤੀ ਰਾਸਾਂ ਪਾ ਕੇ ਨਚਣ ਨਾਲ ਨਹੀਂ ਹੋ ਸਕਦੀ, ਰਾਸਾਂ ਪਾਉਣਾਂ ਅਤੇ ਸਾਂਗ ਬਣਾ ਕੇ ਨਚਣਾ ਟਪਣਾ ਇਹ ਸਭ ਕੰਮ ਮਾਇਆ ਦੇ ਕਾਰਣ ਹੁੰਦੇ ਹਨ। ਗੁਰਮਤਿ ਅੰਦਰ ਇਸ ਪ੍ਰਕਾਰ ਦੀ ਨਿਰਤਕਾਰੀ, ਨਚਣਾ ਟਪਣਾ ਸਭ ਖੰਡਣ ਹੈ, ਜੋ ਜੋ ਦੇਵਤੇ ਤੇ ਮਨੁਖ (ਸੁਰ, ਨਰ) ਉਪਜੀਵਕਾ ਦੀ ਖਾਤਰ ਗੁਰਮਤਿ ਤੋਂ ਘੁਥੇ ਹੋਏ ਕਰਮ ਕਾਂਡੀ ਬਣ ਕੇ ਇਨ੍ਹਾਂ ਮਾਇਆ ਦੇ ਨਾਚ ਰੰਗਾਂ ਵਿਚ ਪ੍ਰਵਿਰਤ ਹੁੰਦੇ ਹਨ, ਮੁਨੀ ਜਨ ਆਪੋ ਆਪਣੇ ਮਨੋ ਉਪਜੇ ਅਲਪਗ ਗਿਆਨ ਦੇ ਵੀਚਾਰੀ ਹੋ ਕੇ ਨਚਦੇ ਹਨ ਜਿਨ੍ਹਾਂ ਸਿਧ ਸਾਧਕਾਂ ਨੇ ਗੁਰਮੁਖ ਬਣ ਕੇ ਅਤੇ ਗੁਰਮਤਿ ਬੁਧੀ ਦੇ ਵੀਚਾਰੀ ਹੋਕੇ ਸਚੀ ਲਿਵ ਲਾਈ ਹੈ ਤਿਨ੍ਹਾਂ ਗੁਰਮਤ ਆਧਾਰੀ ਗੁਰਮੁਖ ਸਿਧ ਸਾਧਕਾਂ ਦਾ ਨਚਣਾ ਟਪਣਾ ਹੀ ਗੁਣਕਾਰੀ ਹੈ, ਇਨ੍ਹਾਂ ਦਾ ਨਚਣਾ ਟਪਣਾ ਕੋਈ ਦਿਖਾਵੇ ਮਾਤਰ ਨਹੀਂ ਹੁੰਦਾ, ਆਮ ਭੇਖਧਾਰੀ ਦੀ ਨਿਆਈਂ ਲੋਕਾਂ ਦੇ ਦਿਖਾਵਣ ਰੁਝਾਵਣ ਲਈ ਨਹੀਂ ਨਚਦੇ ਬਲਕਿ ਉਹ ਮਨ ਨੂੰ ਸਾਧ ਕੇ ਪ੍ਰਬੋਧ ਕੇ ਅਤੇ ਵਾਹਿਗੁਰੂ ਨਾਲ ਸਚੀ ਲਿਵ ਜੋੜ ਕੇ ਅੰਤਰ ਆਤਮੇ ਹੀ ਜੋਤ ਰਸ ਲਿਵ ਦਾ ਰਸ ਮਾਣਦੇ ਹਨ ਹੋਰ ਤ੍ਰਗੁਣੀ ਖੰਡਾਂ ਬ੍ਰਹਮੰਡਾਂ ਦੇ ਜੋ ਜੀਵ ਹਨ ਉਨ੍ਹਾਂ ਵਿਚੋਂ ਤਿਨ੍ਹਾਂ ਦੀ ਰਾਸ ਲੀਲਾ ਪ੍ਰਵਾਨ ਪੈਂਦੀ ਹੈ, ਜਿਨ੍ਹਾਂ ਦੀ ਅੰਤਰ ਆਤਮੇ ਵਾਹਿਗੁਰੂ ਨਾਲ ਲਿਵ ਲਗ ਜਾਂਦੀ ਹੈ, ਹੋਰ ਚਾਰੇ ਖਾਣੀ ਦੇ ਜੀਆ ਜੰਤ ਆਵਾਗੌਣ ਵਾਲੇ ਨਾਚ ਹੀ ਨਚਦੇ ਹਨ ਪਰ ਸਫਲ ਨਚਣਾ (ਜੀਉਣਾ) ਉਨ੍ਹਾਂ ਦਾ ਹੀ ਪ੍ਰਵਾਨ ਹੈ ਜੋ ਵਾਹਿਗੁਰੂ ਨੂੰ ਭਾਂਵਦੇ ਹਨ ਤਿਨਾਂ ਦੀ ਗੁਰੂ ਸ਼ਬਦ ਨਾਲ ਲਿਵ ਲਗ ਜਾਂਦੀ ਹੈ ਸੋਈ ਸਚੇ ਭਗਤ ਤੇ ਤਤ ਗਿਆਨੀ ਹਨ ਜਿਨ੍ਹਾਂ ਨੂੰ ਵਾਹਿਗੁਰੂ ਆਪ ਆਪਣਾ ਹੁਕਮ ਨਾਮ ਰੰਗੀ ਹੁਕਮ ਮਨਾਉਂਦਾ ਹੈ। ਗੁਰਮਤਿ ਅੰਦਰ ਨੱਚਣ ਟਪਣ ਭਾਵ ਆਤਮ ਰੰਗ ਮਾਨਣ ਤੋਂ ਹੈ, ਆਤਮ ਰੰਗੀ ਜੋਤ ਰੰਗੀ ਗੁਰਮੁਖ ਜਨ ਜਦੋਂ ਅਨੰਦ ਰਸ ਵਿਚ ਆਉਂਦੇ ਹਨ, ਉਦੋਂ ਉਨ੍ਹਾਂ ਦਾ ਸਰੀਰ ਭੀ ਸਹਜ ਰੰਗਾਂ ਵਿਚ ਮੇਲਦਾ ਹੈ।

।੧। ਰਹਾਉ। ਸਨਕ ਸਨੰਦਨ ਨਾਰਦ ਮੁਨਿ ਸੇਵਹਿ ਅਨਦਿਨੁ ਜਪਤ ਰਹਹਿ ਬਨਵਾਰੀ। ਸਰਣਾਗਤਿ ਪ੍ਰਹਲਾਦ ਜਨ ਆਈ ਤਿਨ ਕੀ ਪੈਜ ਸਵਾਰੀ।



www.AKJ.Org

ਇਸ ਦੋ ਤੁਕੀ ਵਾਕ ਸਨਬੰਧੀ ਸਮੁਚੇ ਗੁਰਵਾਕ ਅੰਦਰ ਜੋ ਭਾਵ ਹੈ ਉਸ ਵਿਚ ਕੇਵਲ ਗੁਰਮਤਿ ਨਾਮ ਅੰਮ੍ਰਿਤ ਅਭਿਆਸ ਦਾ ਹੀ ਜ਼ਿਕਰ ਹੈ, ਜੋ ਕੇਵਲ ਗੁਰੂ ਘਰ ਦੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੁੰਦਾ ਹੈ । ਇਸ ਅੰਤ੍ਰੀਵ ਆਨੰਦ ਰਸ ਲਈ ਗੁਰਮਤਿ ਤੋਂ ਘੁਥੇ ਸਨਕ ਸਨੰਦਨ ਨਾਰਦ ਮੁਨ ਬਥੇਰੇ ਅਨਮਤੀ ਜਗਿਆਸੂ ਜਨ ਆਪ ਹੁਦਰੀ ਮਤ ਅਨੁਸਾਰ ਹੀ ਵਾਹਿਗੁਰੂ ਨੂੰ ਸੇਂਵਦੇ ਹਨ ਤੇ ਆਪੋਂ ਹੀ ਚਿਤਵੇ ਜਪ ਤਪ ਦੁਆਰਾ ਵਾਹਿਗੁਰੂ ਨੂੰ ਦਿਨ ਰਾਤ ਜਪਣ ਦਾ ਤਰਲਾ ਮਾਰਦੇ ਹਨ ਪਰੰਤੂ ਪ੍ਰਹਿਲਾਦ ਭਗਤ ਸਾਰਖੇ ਜਿਤਨੇ ਭੀ ਗੁਰਮੁਖ ਜਨ ਵਾਹਿਗੁਰੂ ਗੁਰ ਪਰਾਇਣ ਹੋਕੇ ਸਰਨੀ ਆਏ ਹਨ ਤਿਨ੍ਹਾਂ ਦੀ ਹੀ ਆਦਿ ਜੁਗਾਦਿ ਸਰਬਤ ਵਰਤ ਰਹੇ ਗੁਰੂ ਸਰੂਪ ਵਾਹਿਗੁਰੂ ਨੇ ਪੈਜ ਸਵਾਰੀ ਹੈ । (ਲਾਜ ਰਖ ਲਈ ਹੈ) ।

ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰ ੧ ॥

ੴ ਸਤਿਗੁਰ ਪ੍ਰਸਾਦਿ ॥

ਅੰਤਰੁ ਮਲਿ ਨਿਰਮਲੁ ਨਹੀਂ ਕੀਨਾ ਬਾਹਰਿ ਭੇਖ ਉਦਾਸੀ । ਹਿਰਦੈ ਕਮਲੁ ਘਟਿ ਬ੍ਰਹਮ ਨ ਚੀਨਾ ਕਾਹੇ ਭਇਆ ਸੰਨਿਆਸੀ ॥ ਭਰਮੇ ਭੂਲੀ ਰੇ ਜੈ ਚੰਦਾ ॥ ਨਹੀ ਨਹੀ ਚੀਨਿਆ ਪਰਮਾਨੰਦਾ ॥ ੧ ॥ ਰਹਾਉ ॥ ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥ ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥ ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥ ਲਖ ਚਉਰਾਸੀਹ ਜਿਨ ਉਪਾਈ ਸੋ ਸਿਮਰਹੁ ਨਿਰਬਾਣੀ ॥ ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹਿ ॥ ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥

ਇਸ ਗੁਰਵਾਕ ਦੁਆਰਾ ਗੁਰੂ ਸਚੇ ਪਾਤਸ਼ਾਹ ਨੇ ਇਹ ਦ੍ਰਿੜਾਇਆ ਹੈ ਕਿ ਨਿਰੇ ਸੰਨਿਆਸੀ, ਉਦਾਸੀ, ਭੇਖ ਕਰਨ ਨਾਲ ਨਿਰਲੇਪ ਵਾਹਿਗੁਰੂ ਨਹੀਂ ਪਾਇਆ ਜਾ ਸਕਦਾ, ਹਿਰਦ ਅੰਦਰ ਤਾਂ ਦੁਬਿਧਾ ਰੂਪੀ ਮੈਲ ਲਗੀ ਹੋਵੇ ਅਤੇ ਬਾਹਰੋਂ ਭੇਖ ਉਦਾਸੀ ਧਾਰਨ ਕੀਤਾ ਜਾਵੇ, ਕੁਝ ਨਹੀਂ ਬਣ ਸਕਦਾ । ਇਸ ਮੈਲ ਤੋਂ ਰਹਿਤ ਨਿਰਮਲ ਮਨ ਤਦੇ ਹੋ ਸਕਦਾ ਹੈ ਜੇਕਰ ਗੁਰਮਤਿ ਗ੍ਰਹਿਣ ਕਰਕੇ ਗੁਰਮਤਿ ਨਾਮ ਅਭਿਆਸ ਕਮਾਈ ਅਤੁਟ ਕੀਤੀ ਅਤੇ ਇਸ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਹਿਰਦੇ ਰੂਪੀ ਕੰਵਲ ਮੂਧਿਉਂ ਸਿਧਾ ਹੋ ਜਾਵੇ ਅਤੇ ਘਟ ਅੰਦਰ ਹੀ ਜੋਤ ਪ੍ਰਕਾਸ਼ ਹੋਈ ਤੋਂ ਹੀ ਘਟ ਅੰਦਰ ਹੀ ਬ੍ਰਹਿਮ ਚੀਨਿਆ ਜਾ ਸਕਦਾ ਹੈ । ਜੋਤ ਸਰੂਪੀ ਪਾਰਬ੍ਰਹਮ ਹਿਰਦੇ ਵਿਖੇ ਪ੍ਰਕਾਸ਼ ਹੋਏ ਬਿਨਾਂ ਸੰਨਿਆਸੀ ਭੇਖਧਾਰੀ ਹੋ ਕੇ ਫਿਰਨਾ ਨਿਸਫਲ ਹੈ, ਇਨ੍ਹਾਂ ਭੇਖਧਾਰੀਆਂ ਉਦਾਸੀਆਂ ਸੰਨਿਆਸੀਆਂ ਦਾ ਇਸ ਬਿਧ ਭਰਮ ਭੁਲੇ ਫਿਰਦੇ ਰਹਿਣਾ ਕੋਈ ਭੀ ਅਰਥ ਨਹੀਂ ਰਖਦਾ । ਜਦ ਤਾਈਂ ਕਿ ਪ੍ਰਮਾਨੰਦ ਵਾਹਿਗੁਰੂ ਹਿਰਦੇ ਅੰਦਰ ਹੀ ਪ੍ਰਤੱਖ ਨਹੀਂ ਪੇਖਿਆ । ਘਰ ਘਰ ਤੋਂ ਮੰਗ ਕੇ ਖਾਣਾ ਤੇ ਪੇਟ ਸਰੀਰ ਮੋਟਾ ਕਰ ਲੈਣਾ, ਇਸ ਤੋਂ ਉਕੀ ਹੀ ਪ੍ਰਮਾਰਥ ਸਿਧੀ ਨਹੀਂ ਹੋ ਸਕਦੀ ਗੋਦੜੀ ਰਖਣ ਤੇ ਮੁੰਦਰਾਂ ਪਾ ਲੈਣ ਨਾਲ ਮਾਇਕ ਭੇਖ ਹੀ ਵਧਦਾ ਹੈ । ਨਾ ਹੀ ਭੂਮ ਮਸਾਣ ਦੀ ਭਸਮ ਲਗਾਣ ਨਾਲ ਕੁਝ ਬਣਦਾ ਹੈ, ਗੁਰੂ ਤੋਂ ਦੀਖਿਆ ਲਏ ਬਾਝੋਂ ਨਾਮ ਅਭਿਆਸ ਕਮਾਈ ਕੀਤੇ ਬਾਝੋਂ ਤਤ ਪ੍ਰਮਾਰਥ ਦਾ ਪਾਉਣਾ ਅਤੀ ਅਸੰਭਵ ਹੈ । ਗੁਰੂ ਸਾਹਿਬ ਇਨ੍ਹਾਂ ਭੇਖੀ, ਜਪੀਆਂ, ਤਪੀਆਂ, ਸੰਨਿਆਸੀਆਂ, ਉਦਾਸੀਆਂ ਦੀ ਸ਼ੇਖੀ ਕਿਰਕਰੀ ਕਰਨ ਲਈ ਕੈਸੀ ਸਪਸ਼ਟ ਸਿਖਸ਼ਾ ਨਿਰਭੈ ਹੋ ਕੇ ਦੇਂਦੇ ਹਨ, ਜਦੋਂ ਕਿ ਇਸ ਬਿਧ ਕਹਿੰਦੇ ਹਨ (ਹੇ ਸੰਨਯਾਸੀਓ, ਉਦਾਸੀਓ. ਭੇਖਧਾਰੀਓ ਤੁਸੀਂ ਕਾਹਦੀ ਖਾਤਰ ਤਪ ਕਰਦੇ ਹੋ, ਨਿਰਾ ਨੀਰ ਹੀ ਕਿਉਂ ਰਿੜਕਦੇ ਹੋ (ਕਾਏ ਜਪਉ ਤਪਉ ਰੇ ਕਾਏ ਬਿਲਵਉ ਪਾਣੀ) ਤੁਸੀਂ ਸਿਰਜਣਹਾਰ ਵਾਹਿਗੁਰੂ ਦਾ ਸਿਮਰਣ ਕਰੋ, ਜਿਸ ਨਿਰਬਾਣ ਪਦ ਵਾਲੇ ਵਾਹਿਗੁਰੂ ਨੇ ਇਹ ਲਖ ਚੁਰਾਸੀ ਜੂਨ ਉਤਪਨ ਕੀਤੀ ਹੈ । ਕਿਉਂ ਤੁਸੀਂ ਦਿਖਾਵੇ ਦੇ ਕੁਮੰਡਲ ਹਥ ਵਿਚ ਲਈ ਫਿਰਦੇ ਹੋ ਅਤੇ



www.AKJ.Org

ਕਿਸ ਖਾਤਰ ਭਗਵੇਂ ਭੇਸ ਕਰਕੇ ਜੋਗੀ ਸੰਨਯਾਸੀ ਬਣੇ ਫਿਰਦੇ ਹੋ ਅਤੇ ਕਿਉਂ ਅਠਸਠ ਤੀਰਥਾਂ ਤੇ ਟੱਕਰਾਂ ਮਾਰਦੇ ਫਿਰਦੇ ਹੋ, ਗੁਰੂ ਸਾਹਿਬ ਗੁਰੂ ਵਰੋਸਾਏ ਤ੍ਰਿਲੋਚਨ ਭਗਤ ਦੀ ਰਾਹੀਂ ਸਪਸ਼ਟ ਕਰਦੇ ਹਨ। ਹੇ ਭਰਮ ਭੁਲੇ ਪ੍ਰਾਣੀਓਂ ਜ਼ਰਾ ਕੰਨ ਲਾ ਕੇ ਸੁਣੋ! ਜੇ ਕਣ ਨਾਂ ਪ੍ਰਾਪਤ ਕਰਨਾ ਹੋਵੇ ਤਾਂ ਗਾਹ ਪਾਉਣ ਦੀ ਕੀ ਲੋੜ ਹੈ। ਭਾਵ ਦਿਖਾਵੇ ਦੇ ਕੰਮਾਂ ਨਾਲ ਕੁਝ ਨਹੀਂ ਬਨਣਾ, ਤਤ ਪ੍ਰਮਾਰਥੀ ਵਸਤੁ ਪ੍ਰਾਪਤ ਨਹੀਂ ਹੋਣੀ।

## ਆਨਮਤ ਕਰਮਾਂ ਤੇ ਗੁਰਮਤਿ ਕਰਮਾਂ ਦਾ ਟਾਕਰਾ

ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ। ਜੋਗੇ ਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ। ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ। ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ।

ਗੁਰੂ ਸਾਹਿਬ ਜੈਦੇਵ ਭਗਤ ਦੇ ਮੁਖ ਦੁਆਰਾ ਇਹ ਉਪਦੇਸ਼ ਕਰਦੇ ਹਨ ਕਿ ਯਗ, ਦਾਨ ਤੇ ਤਪ ਕਰਨ ਦਾ ਕੀ ਲਾਭ ਹੈ ਕੇਵਲ ਵਾਹਿਗੁਰੂ ਦੀ ਭਗਤੀ ਕਰਨਾ ਹੀ ਗੁਰਮਤਿ ਅਨੁਸਾਰ ਨਿਹਕੇਵਲ ਪਦ ਪ੍ਰਾਪਤ ਕਰਨਾ ਹੈ, ਸੋ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਮਨ ਬਚਨ ਕਰਮ ਕਰਕੇ ਅਜੇਹੀ ਭਗਤੀ ਕਰਨੀ ਹੀ ਫਲਦਾਇਕ ਹੋ ਸਕਦੀ ਹੈ ਤੇ ਗੋਬਿੰਦ ੨ ਰੂਪੀ ਵਾਹਿਗੁਰੂ ਭਗਤੀ ਧੁਨੀ ਉਚਾਰੀ ਤੇ ਨਰ ਮਨੁਖ ਨੂੰ ਸਗਲ ਪ੍ਰਮ ਰਥੀ ਪਦ ਪ੍ਰਾਪਤ ਹੋ ਜਾਂਦੇ ਹਨ, ਜੋ ਨਰ ਸਭ ਪਾਖੰਡ ਭੇਖ ਤਿਆਗ ਕੇ ਗੁਰੂ ਸਚੇ ਪਾਤਸ਼ਾਹ ਦੀ ਸ਼ਰਣਾਗਤ ਆਉਂਦੇ ਹਨ ਸੋ ਗੁਰਮਤਿ ਅਭਿਆਸ ਕਮਾਈ ਧਾਰਣ ਕਰਦੇ ਹਨ ਉਨ੍ਹਾਂ ਨੂੰ ਹੀ ਇਹ ਪਦ ਪ੍ਰਾਪਤ ਹੋ ਸਕਦਾ ਹੈ ਤਾਂ ਤੇ ਜੋਗ ਸੰਨਯਾਸ ਜਪ ਤਪ ਪੂਜਾ ਆਦਿਕ ਸਾਰੇ ਅਨਮਤੀ ਕਰਮ ਭੇਖ ਦਿਖਾਵੇ ਦੇ ਹੀ ਧਰਮ ਹਨ, ਇਨ੍ਹਾਂ ਨੂੰ ਛਡ ਕੇ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਗਤੀ (ਕਲਿਆਣ) ਪ੍ਰਾਪਤ ਹੋ ਸਕਦੀ ਹੈ ਐਵੇਂ ਉਕੀ ਹੀ ਪ੍ਰਾਪਤ ਨਹੀਂ ਹੋ ਸਕਦੀ ਭਾਵੇਂ ਕਿਤਨਾ ਹੀ ਭੇਖ ਕੋਈ ਕਿਉਂ ਨਾ ਧਾਰਨ ਕਰਦਾ ਫਿਰੇ।

ਜਿਨ ਕੈ ਹਿਰਦੈ ਨਾਹਿ ਹਰ ਸੁਆਮੀ ਤੇ ਬਿਗੜ ਰੂਪ ਬੇਰਕਟੀ। ਜਿਉ ਨਿਗੁਰਾ ਬਹੁ ਬਾਤਾ ਜਾਣੈ ਉਹ ਹਰ ਦਰਗਹ ਹੈ ਭ੍ਰਸਟੀ।

ਇਹ ਦੋ ਤੁਕਾਂ ਸਿਧ ਕਰਦੀਆਂ ਹਨ ਕਿ ਗੁਰਮੰਤ੍ਰ ਹੀਣਸ ਨਿਗੁਰੇ ਪੁਰਸ਼ ਦਾ ਕਥਿਆ ਕੀਤਾ ਕਰਾਇਆ ਸਭ ਕੁਛ ਨਿਸਫਲ ਹੈ ਵਾਹਿਗੁਰੂ ਦੀ ਦਰਗਾਹ ਵਿਚ ਪ੍ਰਵਾਣ ਨਹੀਂ ਪੈਂਦਾ, ਇਹ ਮਨਮੁਖ ਪਾਖੰਡੀ ਭੇਖਧਾਰੀ ਪੁਰਸ਼ ਦਰਗਾਹ ਅੰਦਰ ਭ੍ਰਿਸ਼ਟ ਕਰਮੀ ਹੀ ਸਮਝੇ ਜਾਂਦੇ ਹਨ, ਜਿਨ੍ਹਾਂ ਦੇ ਹਿਰਦੇ ਅੰਦਰ ਗੁਰਪ੍ਰਸਾਦਿ ਦੁਆਰਾ ਵਾਹਿਗੁਰੂ ਰੂਪੀ ਸਵਾਮੀ ਨਹੀਂ ਵਸਿਆ, ਉਹ ਭਾਵੇਂ ਕਿਤਨੇ ਬਣਾਉ ਸ਼ਿੰਗਾਰ ਕਰਨ, ਬਿਗੜ ਰੂਪ ਅਤੇ ਕੋਹੜੇ ਹੀ ਰਹਿੰਦੇ ਹਨ।

ਕਰਮ ਧਰਮੁ ਕਿਛੁ ਉਪਜਿ ਨ ਆਇਓ ਨਹ ਉਪਜੀ ਨਿਰਮਲ ਕਰਨੀ। ਛਾਡਿ ਸਿਆਣਪ ਸੰਜਮ ਨਾਨਕ ਲਾਗੋ ਗੁਰ ਕੀ ਚਰਨੀ।

ਇਸ ਇਕੱਲੀ ਦੋ ਤੁਕੀ ਗੁਰਮਤਿ ਦੁਆਰਾ ਗੁਰੂ ਸਾਹਿਬ ਨੇ ਗੁਰਮਤਿ ਤੋਂ ਬਿਨਾਂ ਸਾਰੇ ਕਰਮਾਂ ਧਰਮਾਂ ਦਾ ਖੰਡਣ ਕਰ ਦਿਤਾ ਹੈ। ਇਹ ਸਾਰੇ ਕਰਮ ਧਰਮ ਚਾਹੇ ਕਿਤਨੇ ਨਿਰਮਲ ਕਰਮ ਕਰਨ ਕਿਸੇ ਲੇਖੇ ਨਹੀਂ ਪੈਂਦੇ, ਤਾਂ ਤੇ ਸੰਜਮ ਸਿਆਣਪਾਂ ਛੋੜ ਕੇ ਉਸ ਸਤਿਗੁਰ ਦੀ ਚਰਣੀ ਲਗਣਾ ਹੀ ਉਚਿਤ ਹੈ (ਕਰਮ ਧਰਮ ਸੰਜਮੀ ਸਿਆਣਪਾਂ ਛਡ ਕੇ)।

ਦੇਵਗੰਧਾਰੀ ਮਹਲਾ ਮ: ॥

ਪ੍ਰਭ ਜੀਉ ਪੇਖਉ ਦਰਸੁ ਤੁਮਾਰਾ। ਸੁੰਦਰ ਧਿਆਨੁ ਧਾਰੁ ਦਿਨੁ ਰੈਨੀ ਜੀਅ ਪ੍ਰਾਨ ਤੇ ਪਿਆਰਾ। ੧। ਰਹਾਉ। ਸਾਸਤ੍ਰ ਬੇਦ ਪੁਰਾਨ ਅਵਿਲੋਕੇ ਸਿਮ੍ਰਿਤਿ ਤਤੁ ਬੀਚਾਰਾ। ਦੀਨਾ ਨਾਥ ਪ੍ਰਾਨ ਪਤਿ ਪੂਰਨ ਭਵਜਲ ਉਧਰਨਹਾਰਾ।

ਅਨਮਤੀ ਪੁਸਤਕ ਸਾਸਤ੍ਰ ਬੇਦ ਪੁਰਾਨ ਸਭ ਠੋਕ ਕੇ ਵੇਖ ਲਏ ਹਨ ਤੇ ਸਿਮਰਤੀਆਂ ਨੇ ਜੋ ਤਤ ਵਿਚਾਰਿਆ ਹੈ ਉਹ ਭੀ ਠੋਕ ਕੇ ਦੇਖ ਲਿਆ ਹੈ, ਇਹਨਾਂ ਅੰਦਰ ਪ੍ਰਮਾਰਥੀ ਮੁਸ਼ਕ ਮਾਤਰ ਭੀ ਨਹੀਂ ਇਹ ਕੇਵਲ ਵਾਹਿਗੁਰੂ ਪ੍ਰਾਨਪਤੀ ਦੀਨਾ ਨਾਥ ਹੀ



www.AKJ.Org

ਹੈ ਜਿਸ ਨੂੰ ਗੁਰਮਤਿ ਦੁਆਰਾ ਸਾਰੇ ਹੀ ਪਰੀਪੂਰਨ ਦੇਖ ਸਕੀਦਾ ਹੈ ਅਤੇ ਕੇਵਲ ਗੁਰਮਤਿ ਦੁਆਰਾ ਵਾਹਿਗੁਰੂ ਨਾਮ ਅਭਿਆਸ ਸਿਮਰਨ ਕੀਤਾ ਹੀ ਪਾਰ ਕਰਨ ਵਾਲਾ ਹੈ।

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੪ ॥

ੴ ਸਤਿਗੁਰ ਪ੍ਰਸਾਦਿ ॥

ਕਰਤ ਫਿਰੇ ਬਨ ਭੇਖ ਮੋਹਨ ਰਹਿਤ। ੧। ਰਹਾਉ। ਕਥਨ ਸੁਹਾਵਨ ਗੀਤ ਨੀਕੇ ਗਾਵਨ ਮਨ ਮਹਿ ਧਰਤੇ ਗਾਰ। ਅਤਿ ਸੁੰਦਰ ਬਹੁ ਚਤਰੁ ਸਿਆਨੇ ਬਿਦਿਆ ਰਸਨਾ ਚਾਰ। ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇ ਧਾਰ। ਕਹੁ ਨਾਨਕ ਤਿਨਿ ਭਵਜਲੁ ਤਰੀਅਲੇ ਪ੍ਰਭ ਕਿਰਪਾ ਸੰਤ ਸੰਗਾਰ।

ਕਈ ਲੋਗ ਭੇਖ ਬਣਾ ਕੇ ਜੰਗਲਾਂ ਵਿਖੇ ਘੁਮਦੇ ਫਿਰਦੇ ਹਨ, ਪਰੰਤੂ ਮੋਹਨ ਵਾਹਿਗੁਰੂ ਦੀ ਪ੍ਰਾਪਤੀ ਅਜੇਹੇ ਭੇਖੀਆਂ ਤੋਂ ਦੁਰਾਡੀ ਹੀ ਰਹਿ ਜਾਂਦੀ ਹੈ ਮਨ ਮੋਹਿਨ ਅਕਾਲ ਪੁਰਖ ਵਾਹਿਗੁਰੂ ਗੁਰਮਤਿ ਦੁਆਰਾ ਹੀ ਪਾ ਸਕੀਦਾ ਹੈ। ਮੂੰਹੋਂ ਉਪਦੇਸ਼ ਕੇਵਲ ਸੁਨਾਵਣ ਕਥਨ, ਬਚਨ ਦੁਆਰਾ ਸੋਹਣੇ ੨ ਮੂੰਹੋਂ ਕਰਕੇ ਗੀਤ ਗਾਵਣ ਦੁਆਰਾ ਇਹ ਕਚ-ਪਿਚੀਆਂ ਬਾਣੀਆਂ ਬਨਾਵਟੀ ਭੇਖਾਂ ਦੀਆਂ ਮਨ ਅੰਦਰ ਮੰਦੇ ਖਿਆਲ ਹੀ ਲਿਆਉਂਦੀਆਂ ਹਨ, ਤਤ ਗੁਰਮਤਿ ਸਾਰ ਨਿਰੰਜਨੀ ਇਨ੍ਹਾਂ ਤੋਂ ਪ੍ਰਾਪਤ ਨਹੀਂ ਹੁੰਦਾ। ਜੇਹੜੇ ਲੋਕ ਆਪਣੇ ਆਪ ਨੂੰ ਅਤੀ ਸੁੰਦਰ ਸਦਾਉਂਦੇ ਹਨ ਤੇ ਬਹੁਤ ਚਤਰ ਸਿਆਣੇ ਕਹਾਉਂਦੇ ਹਨ ਅਤੇ ਰਸਨਾਂ ਕਰਕੇ ਵਿਦਿਆਰਥੀ ਬਣਦੇ ਹਨ ਉਨ੍ਹਾਂ ਭੇਖ ਧਾਰੀਆਂ ਦੇ ਭੇਦ ਕਦੇ ਲੇਖੇ ਨਹੀਂ ਲਗਦੇ, ਮਾਨ ਮੋਹ ਆਦਕ ਛਡਣੇ (ਤਿਆਗ ਦੇਣੇ) ਇਹ ਰਸਤਾ ਖੰਡੇਧਾਰ ਮਾਰਗ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਉਹਨਾਂ ਨੂੰ ਹੀ ਭਵਜਲ ਤੋਂ ਤਰਨਾ ਨਸੀਬ ਹੋਇਆ ਹੈ ਜਿਨ੍ਹਾਂ ਵਾਹਿਗੁਰੂ ਦੀ ਕ੍ਰਿਪਾ ਦੁਆਰਾ ਗੁਰੂ ਸਾਹਿਬ ਦੀ ਸਾਧ ਸੰਗਤ ਪ੍ਰਾਪਤ ਹੋਈ।

ਰਾਗ ਦੇਵਗੰਧਾਰੀ ਮਹਲਾ ੫ ਘਰ ੬ ॥

।੧। ਕਹ ਪੇਖਾਰਉ ਹਉ ਘਰ ਚਤੁਰਾਈ ਬਿਸਮਨ ਬਿਸਮੇ ਕਹਨ ਕਹਾਤਿ। ਗਣ ਗੰਧਰਬ ਸਿਧ ਅਰੁ ਸਾਧਿਕ। ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ। ਚਤੁਰ ਬੇਦ ਉਚਰਤ ਦਿਨੁ ਰਾਤਿ।

ਇਸ ਗੁਰਵਾਕ ਦੋ ਪੰਗਤੀ ਦੁਆਰਾ ਗੁਰੂ ਸਾਹਿਬ ਨੇ ਸਾਰੇ ਅਨਮਤ ਭੇਖਾਂ ਨੂੰ ਖੰਡਨ ਕੀਤਾ ਹੈ ਤੇ ਗੁਰਮਤਿ ਸਿਧਾਂਤ ਨੂੰ ਮੁਖ ਰਖਿਆ ਹੈ ਅਗਾਧ ਬੋਧ ਵਾਹਿਗੁਰੂ ਦੇ ਸਰੂਪ ਵਿਚ ਗੁਰਮਤਿ ਦੀ ਸਚੀ ਸਿਖਸ਼ਾਂ ਕਰਕੇ ਸਿਫਤ ਸਲਾਹੀ ਰੰਗਾਂ ਵਿਚ ਮਖਮੂਰ ਹੋਇਆ ਬਿਸਮਾਦ ਹੋ ਜਾਈਦਾ ਹੈ। ਕਹਿਨ ਕਥਨ ਜੋਗੀ ਕੋਈ ਗਲ ਭੀ ਨਹੀਂ ਰਹਿੰਦੀ, ਆਪਣੀ ਮਨ ਮੁਖਤਾ ਭਰੀ ਚਤਰਾਈ ਕਰਕੇ ਜੋ ਅਨਮਤੀ ਭੇਖੀ ਲੋਕ ਇਹ ਦਾਵਾ ਕਰਦੇ ਹਨ ਕਿ ਅਸੀਂ ਅਦ੍ਰਿਸ਼ਟ ਵਾਹਿਗੁਰੂ ਨੂੰ ਦੇਖ ਲਿਆ ਹੈ, ਨਿਰੇ ਪਾਖੰਡੀ ਭੇਖਧਾਰੀ ਹਨ ਇਥੋਂ ਤਾਈਂ ਕਿ (ਗਣ ਗੰਧਰਬ, ਦੇਵਤਿਆਂ ਦੇ ਗਵੱਈਏ) ਅਤੇ ਸਿਧ ਸਾਧਕ ਕਰਾਮਾਤੀ ਸ਼ਕਤੀਆਂ ਰਖਣ ਤੇ ਫਖਰ ਕਰਨ ਵਾਲੇ ਜੋਗੀ ਜਨ ਸਭ ਝਖ ਮਾਰਦੇ ਹਨ ਅਤੇ ਤਤ ਪ੍ਰਮਾਰਥ ਤੇ ਉਰੇ ਉਰੇ ਹੀ ਰਹਿ ਜਾਂਦੇ ਹਨ। ਸੁਰ ਨਰ ਦੇਵਤੇ (ਜੋ ਆਪਣੇ ਆਪ ਨੂੰ ਬ੍ਰਹਮ ਬੇਸਟੀ ਮਹਾਂ ਪੁਰਖ ਸਦਾਉਂਦੇ ਹਨ) ਏਥੋਂ ਤਾਈਂ ਕਿ ਬ੍ਰਹਮਾ ਆਦਿਕ ਦੇਵਤੇ ਭੀ ਜੋ ਦਿਨ ਅਰ ਰਾਤ ਚਾਰੇ ਵੇਦ ਉਚਾਰਨ ਕਰਦੇ ਹਨ ਅਗਮ ਅਗਮ ਠਾਕਰ ਦੀ ਅਗਾਧਗਤੀ ਨੂੰ ਨਹੀਂ ਜਾਣ ਸਕਦੇ।

## ਪਾਠਕਾਂ ਪ੍ਰਤੀ

'ਸੂਰਾ' ਦੇ ਸੁਹਿਰਦ ਪਾਠਕਾਂ ਪ੍ਰਤੀ ਸਨਿਮਰ ਬਿਨੈ ਹੈ ਕਿ ਜਿਨ੍ਹਾਂ ਜਿਨ੍ਹਾਂ ਪਾਠਕਾਂ ਦੇ 1970 ਤਕ ਚੰਦੇ ਖਤਮ ਹੋ ਚੁਕੇ ਹਨ, ਉਹ ਜਨਵਰੀ 1971 ਤੋਂ ਨਵੇਂ ਸਾਲ ਦਾ ਚੰਦਾ ਸ਼ੀਘਰ ਹੀ ਮੈਨੇਜਰ 'ਸੂਰਾ' ਧੋਬੀ ਘਾਟ, ਪਟਿਆਲਾ ਦੇ ਨਾਂ ਭੇਜਣ ਦੀ ਕ੍ਰਿਪਾਲਤਾ ਕਰਨ।

ਦਾਸ—ਮੈਨੇਜਰ



www.AKJ.Org

# ਸਾਂਝੀਵਾਲਤਾ ਦਾ ਅਵਤਾਰ
# ਗੁਰੂ ਨਾਨਕ

ਵਲੋਂ :
ਸ: ਦਰਸ਼ਨ ਸਿੰਘ (ਰਿਸਰਚ ਸਕਾਲਰ)
ਪੰਜਾਬੀ ਯੂਨੀਵਰਸਟੀ, ਪਟਿਆਲਾ

ਜਿਸ ਮਹਾਨ ਹਸਤੀ ਦਾ ਮੁਕੱਦਸ ਪ੍ਰਕਾਸ਼ ਉਤਸ਼ਵ ਅਸੀਂ ਹਰ ਸਾਲ ਮਨਾਂਦੇ ਹਾ ਉਹ ਇਕ ਐਸਾ ਲਾਸਾਨੀ ਰੁਹਾਨੀਅਤ ਦਾ ਆਫਤਾਬ ਹੈ ਜਿਸਦੀਆਂ ਸੁਨਿਹਰੀ ਕਿਰਨਾਂ ਨੇ ਨ ਕੇਵਲ ਹਿੰਦੁਸਤਾਨ ਦੀ ਮਰੀਅਲ ਤੇ ਮਜ਼ਲੂਮ ਜਨਤਾ ਦੇ ਸਦੀਆਂ ਤੋਂ ਗੁਲ ਹੋਏ ਰੁਹਾਨੀਅਤ ਦੇ ਚਰਾਗ ਨੂੰ ਮੁੜ ਕੇ ਪ੍ਰਜਵਲਿਤ ਕੀਤਾ, ਬਲਕਿ ਉਨ੍ਹਾਂ ਦੇ ਸਰਬ-ਸਾਂਝੇ ਉਪਦੇਸਾਂ ਨੇ ਸਮੁਚੀ ਮਾਨਵਤਾ ਦਾ ਸਰਮਾਇਆ ਹਯਾਤ ਬਣ ਕੇ ਦੁਨੀਆਂ ਦੇ ਧਾਰਮਿਕ ਇਤਿਹਾਸ ਵਿਚ ਇਕ ਇਨਕਲਾਬ ਲੈ ਆਂਦਾ। ਆਪ ਦਾ ਪੈਗਾਮ-ਏ-ਮੁਹਬੱਤ ਨਿਰਾਸ਼ਾ ਦੇ ਹਨੇਰੇ ਖੂਹ ਵਿਚ ਮੂਧੀ ਪਈ ਮਾਨਵਤਾ ਲਈ ਆਬੇ ਹਯਾਤ ਹੈ, ਇਕ ਸੰਜੀਵਨੀ ਬੂਟੀ ਹੈ। ਅਕਾਲ ਪੁਰਖ ਦੀ ਪਾਵਨ ਦਰਗਾਹ ਤੋਂ ਹੀ ਆਪ ਨੂੰ ਸਾਰੇ ਬ੍ਰਹਮੰਡ ਦੀ ਅਗਵਾਈ ਦੀ ਜ਼ੁਮੇਵਾਰੀ ਸੌਂਪੀ ਗਈ। ਵਾਸਤਵ ਵਿਚ ਸੁੰਦਰਤਾ ਦਾ ਸੋਮਾਂ ਜਿਸ ਦੇ ਕਦਮਾਂ ਵਿਚ ਸੀਸ ਝੁਕਾਉਂਦੇ ਹੋਏ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ ਕਿ :

ਕਮਾਲੇ ਕਰਾਮਾਤ ਕਾਇਮ ਕਰੀਮ।
ਰਜ਼ਾ ਬਖ਼ਸ਼ ਰਾਜ਼ਕ ਰਜ਼ਾਕੋ ਰਹੀਮ।
ਅਮਾਬਖਸ਼ ਬਖਸ਼ਿੰਦਾ ਓ ਦਸਤਗੀਰ।
ਖ਼ਤਾ ਬਖਸ਼ ਰੋਜ਼ੀ ਦਿਹ ਦਿਲ ਪਜ਼ੀਰ।

ਬਜ਼ਾਤੇ ਖੁਦ ਆਪਣੇ ਹੀ ਰਚੇ ਹੁਸਨ ਦੇ ਮੁਜੱਸਮੇ ਮਹਿਬੂਬ 'ਨਾਨਕ' ਤੇ ਫ਼ਿਦਾ ਹੋ ਗਿਆ ਤੇ ਵਿਸ਼ਵ ਦੀ ਨਜਾਤ ਲਈ ਰਹਿਮਤਾਂ ਤੇ ਬਖਸ਼ਿਸ਼ਾਂ ਦੀ ਦੌਲਤ ਨਾਲ ਮਾਲਾ ਮਾਲ ਕਰਦੇ ਹੋਏ ਕੁਲ ਆਲਮ ਦਾ ਮੁਰਸ਼ਦ ਥਾਪ ਕੇ ਇਸ ਸੜਦੇ ਭੁਜਦੇ ਮ੍ਰਿਤ ਮੰਡਲ ਨੂੰ ਆਪ ਦੇ ਪਵਿਤਰ ਕਦਮਾਂ ਦੀ ਪਾਰਸ ਛੋਹ ਪ੍ਰਾਪਤ ਪ੍ਰਦਾਨ ਕੀਤਾ। ਫ਼ਾਰਸੀ ਜ਼ਬਾਨ ਦੀ ਇਕ ਮਹਾਨ ਆਲਮ ਫ਼ਾਜ਼ਲ ਸ਼ਖ਼ਸੀਅਤ ਭਾਈ ਨੰਦ ਲਾਲ ਜੀ ਗੋਇਆ 'ਜੋਤਿ ਬਿਲਾਸ' ਵਿਚ ਲਿਖਦੇ ਹਨ ਕਿ :

ਗੁਰੂ ਨਾਨਕ ਆਮਦ ਨਰਾਇਨ ਸਰੂਪ।
ਹੁਮਾਨਾ ਨਿਰੰਜਨ ਨਿਰੰਕਾਰ ਰੂਪ।
ਹੱਕਸ਼ ਆਫਰੀਦਹ ਜ਼ਿ ਨੂਰੋ ਕਰਮ।
ਅਜ਼ੋ ਆਲਮੇ ਰਾ ਫ਼ਯੂਜ਼ੋ ਅਤਮ।
ਹੁੱਕਸ਼ ਗੁਫ਼ਤ ਖ਼ੁਦ ਮੁਰਸ਼ਿਦਉਲ ਆਲਮੀ।
ਨਿਜਾਤੁਉਲ ਵਰਾ ਰਹਮਤੁਉਲ ਮੁਜ਼ ਨਬੀ।

ਕਾਲੀ ਬੋਲੀ ਮਸਿਆ ਦੀ ਰਾਤ ਦੇ ਘੁਪ ਹਨੇਰੇ ਨੂੰ ਪਾਸ਼ ਪਾਸ਼ ਕਰਦੀ ਪ੍ਰਭਾਤ ਨੂੰ ਸੂਰਜ ਦੀ ਟਿੱਕੀ ਜਿਵੇਂ ਆਪਣੇ ਸੌਂਦਰਯ ਦੀ ਪ੍ਰਤਿਭਾ ਦੇ ਦੀਦਾਰ ਕਰਾਉਂਦੀ ਹੈ, ਸੰਸਾਰ ਨੂੰ ਇਕ ਨਵਾਂ ਜੀਵਨ ਬਖ਼ਸ਼ਦੀ ਹੈ, ਗੁਰੂ ਨਾਨਕ ਜੀ ਦੇ ਪਾਵਨ ਕਦਮਾਂ ਦੀ ਆਮਦ ਨੇ ਹਿੰਦੁਸਤਾਨ ਦੀ ਆਤਮਕ ਪਿਆਸ ਨਾਲ ਤਰਿਹਾਈ ਤੇ ਬੰਜਰ ਧਰਤੀ ਦੀਆਂ ਸੁਤੀਆਂ ਕਲਾਂ ਜਗਾ ਦਿੱਤੀਆਂ। ਦੁਨੀਆਂ ਦੇ ਜਿਸ ਰੰਗ ਮੰਚ ਤੇ ਆਪ ਨੇ ਆਪਣੇ ਕਰਤਬਾਂ ਦਾ ਬੇਅਦੀਲ ਕੌਤਕ ਰਚਨਾ ਸੀ, ਉਸਦਾ ਨਜ਼ਾਰਾ ਪ੍ਰਸਤੁਤ ਕਰਦੇ ਹੋਏ ਸਾਧੂ ਟੀ. ਐਲ. ਵਾਸਵਾਨੀ ਆਪਣੀ ਪੁਸਤਕ 'ਏ ਪ੍ਰਾਫੈਟ ਆਫ ਦੀ ਪੀਪਲ' ਵਿਚ ਲਿਖਦੇ ਹਨ ਕਿ:

"Guru Nanak appeared at a time when India was invaded by dark forces. India's Civilization and The Aryan Dharma was sinking and a new age of violence was arising in the midst of conflict and chaos. The soul of Guru Nanak cried out to God to save the people."

ਸਾਹਿਬ ਜੀ ਨੇ ਆਪਣੇ ਮਰਾਕਬੇ ਵਿਚ ਨਿਗਾਹ ਮਾਰੀ। ਕੀ ਦੇਖਿਆ ? ਮਾਨੁਖਤਾ ਦੀ ਆਤਮਾਂ ਚੀਖੋ-ਪੁਕਾਰ ਕਰ ਰਹੀ ਹੈ। ਉਸ ਦੀ ਜ਼ਮੀਰ ਲਹੂ ਲੁਹਾਨ ਪਈ ਹੈ। ਉਦਾਸੀ ਦਿਆਂ ਪਾਤਾਲਾਂ ਵਿਚ



www.AKJ.Org

ਨਿਘਰਦੀ ਜਾ ਰਹੀ ਨੂੰ ਜੀਵਨ ਦੀਆਂ ਉਲਝੀਆਂ ਤੰਦਾਂ ਨੇ ਭਿਅੰਕਰ ਘੁੰਮਨ ਘੇਰੀ ਵਿਚ ਪਾ ਰਖਿਆ ਹੈ; ਖੁਸ਼ੀਆਂ ਦੀ ਕਿਰਨ ਨਿਰਾਸ਼ਾ ਦੇ ਰੇਤਲੇ ਮਾਰੂਥਲ ਵਿਚ ਗੁਆਚ ਚੁਕੀ ਹੈ। 'ਖਹਿ ਖਹਿ ਮਰਦੇ ਬਾਹਮਣ ਮੁਲਾਣੇ' ਦੀਆਂ ਮਾਰੂ ਭਾਵਨਾਵਾਂ ਨਾਲ ਤਰੇੜਾਂ ਖਾਧੀ ਲੁਕਾਈ ਦਾ ਵੈਰਾਟ ਪ੍ਰਦਰਸ਼ਨ ਕਰਦੇ ਹੋਏ ਸਿਖ ਧਰਮ ਦੇ ਸੇਂਟ ਪਾਲ ਭਾਈ ਗੁਰਦਾਸ ਆਪਣੇ ਅਨੁਪਮ ਤਰਜ਼ੇ ਬਿਆਨ ਰਾਹੀਂ ਫੁਰਮਾਉਂਦੇ ਹਨ ਕਿ :

'ਬਾਬਾ ਦੇਖੇ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ। ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ। ਬਾਬੇ ਭੇਖ ਬਣਾਇਆ, ਉਦਾਸੀ ਦੀ ਰੀਤਿ ਚਲਾਈ। ਚੜਿਆ ਸੋਧਣਿ ਧਰਤਿ ਲੁਕਾਈ।'

ਧਰਤੀ ਨੂੰ ਸੋਧਣ ਲਈ, ਨਾਸਤਕਤਾ ਦੇ ਹੜ ਨੂੰ ਰੋਕਣ ਲਈ, ਹਜ਼ੂਰ ਨੇ ਇਬਾਦਤ ਵ ਬੰਦਗੀ ਦਾ ਹੜ ਵਗਾ ਦਿਤਾ। ਵਿਸ਼ਵ ਦੇ ਤੁਮਾਮ ਦੁਖਾਂ ਦਾ ਕਾਰਨ ਆਪਣੇ ਕੇਂਦਰ ਅਕਾਲ ਪੁਰਖ ਨਾਲੋਂ ਟੁਟਣਾ ਦਸਿਆ ਅਤੇ ਕਿਹਾ ਕਿ ਨਿਰੰਕਾਰ ਦੀ ਹਸਤੀ ਦੇ ਅਸਤਿਤਵ ਵਿਚ ਪੂਰਨ ਵਿਸ਼ਵਾਸ ਅਤੇ ਉਸ ਦੇ ਸ਼ਾਹ-ਰਾਹ ਤੇ ਚਲਣ ਲਈ ਸਬਰ ਤੇ ਸਿਦਕ ਦੀਆਂ ਸ਼ਮਸ਼ੀਰਾਂ ਨਾਲ ਸ਼ਹਾਦਤ ਦਾ ਜਾਮ ਪੀਏ ਬਿਨਾਂ ਨਾਮ ਦੇ ਅੰਮ੍ਰਿਤ ਦਾ ਪਿਆਲਾ ਮੁਯੱਸਰ ਨਹੀਂ ਹੋ ਸਕਦਾ। ਗੁਰੂ ਸਾਹਿਬ ਦੇ ਦ੍ਰਿਸ਼ਟੀਕੋਨ ਵਿਚ ਇਸ ਸਿਮਰਨ ਰੂਪ ਅੰਮ੍ਰਿਤ ਤੋਂ ਮਹਿਰੂਮ ਰਹਿ ਕੇ ਸੰਸਾਰ ਦੇ ਭੋਗ ਬਿਲਾਸ ਤੇ ਐਸ਼ੋ-ਇਸ਼ਰਤ ਦੇ ਸਾਜ਼ੋ-ਸਾਮਾਨ ਸਭ ਹਰਾਮ ਹਨ :

'ਕਿਆ ਖਾਧੈ ਕਿਆ ਪੈਧੈ ਹੋਇ। ਜਾ ਮਨਿ ਨਾਹੀ ਸਚਾ ਸੋਇ। ਕਿਆ ਮੇਵਾ ਕਿਆ ਘਿਉ ਗੁੜ ਮੀਠਾ ਕਿਆ ਮੈਦਾ ਕਿਆ ਮਾਸੁ। ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ। ਕਿਆ ਲਸ਼ਕਰ ਕਿਆ ਨੇਬ ਖੁਆਸੀ ਆਵੈ ਮਹਿਲੀ ਵਾਸੁ। ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ।' (ਵਾਰ ਮਾਝ, ਮ: ੧)

ਮਹਾਰਾਜ ਦੇ ਵਿਚਾਰ ਵਿਚ ਸਿਮਰਨ ਤੋਂ ਬਿਨਾਂ ਮਨੁਖ ਆਪਣਾ ਆਤਮਘਾਤ ਕਰਦਾ ਹੈ। ਇਹ ਬੰਦਗੀ ਹੀ ਇਕੋ ਇਕ ਅਜਿਹੀ ਸ਼ਕਤੀ ਹੈ ਜਿਹੜੀ ਇਨਸਾਨੀਅਤ ਵਿਚ ਮਨੁਖੀ ਗੁਣਾਂ ਦਾ ਸਮਾਵੇਸ਼ ਕਰ ਸਕਦੀ ਹੈ ਤੇ ਮਨੁਖੀ ਗੁਣਾਂ ਤੋਂ ਸਖਣੀ ਇਨਸਾਨੀਅਤ ਅੱਜ ਜੰਗਲੀ ਤੇ ਵਹਿਸ਼ੀ ਦਰਿੰਦਿਆਂ ਦਾ ਦੰਗਲ ਅਖਾੜਾ ਬਣ ਚੁਕੀ ਹੈ। ਮਾਰਟਨ ਲੂਥਰ ਦਾ ਕਤਲ, ਰਾਬਰਟ ਕਨੈਡੀ ਦੀ ਹਤਿਆ, ਦੀਨ ਦਿਆਲ ਦੀ ਦਰਦਨਾਕ ਮੌਤ, ਚੈਕੋਸਲਾਵੀਆ ਵਿਚ ਜਮਹੂਰੀਅਤ ਦਾ ਜਨਾਜ਼ਾ, ਵਿਟਨਾਮ ਵਿਚ ਮਾਰੂ ਤੇ ਜ਼ਹਿਰੀਲੇ ਹਥਿਆਰਾਂ ਨਾਲ ਕੋਹੀ ਗਈ ਮਾਸੂਮ ਮਨੁਖਤਾ ਦਾ ਨੰਗਾ ਨਾਚ, ਫੋਰੂਮਾਨ ਨੂੰ ਸੱਚ ਤੇ ਹਕ ਦੀ ਰਾਖੀ ਲਈ ਤਿਲ ਤਿਲ ਕਰਕੇ ਸ਼ਹੀਦ ਹੋਣ ਲਈ ਮਜਬੂਰ ਕਰਨਾ, ਮਨੁਖੀ ਆਚਰਣਕ ਮੰਦਹਾਲੀ ਦੀ ਇੰਤਿਹਾ ਹੈ ਅਤੇ ਇਸ ਦਾ ਕਾਰਨ ਮਨੁਖਤਾ ਦਾ ਆਪਣੇ ਮਰਕਜ਼ ਤੋਂ ਟੁਟਨਾ ਹੈ। ਇਸ ਲਈ ਜੋ ਲੋਕ ਸਿਮਰਨ ਵਿਹੂਣੇ ਹਨ, ਉਨ੍ਹਾਂ ਨੂੰ ਧਰਤੀ ਦੇ ਇਸ ਸਿਤਾਰੇ ਤੇ ਜੀਉਣ ਦਾ ਕੋਈ ਹਕ ਨਹੀਂ। ਕਾਣੀ ਵੰਡ, ਸਮਾਜਕ ਅਸੰਤੁਲਣ, ਵਿਤਕਰੇ, ਈਰਖਾ, ਨਫਰਤ, ਤੇ ਹੋਰਾਂ ਦੇ ਖੂਨ ਤੇ ਪਲਣ ਦੀ ਵਹਿਸ਼ਿਆਨਾ ਪ੍ਰਵਿਰਤੀ, ਸਿਮਰਨ ਤੋਂ ਮਹਿਰੂਮ ਹੋਈ ਅਤੇ ਰੂਹਾਨੀਅਤ ਦੀ ਦੌਲਤ ਤੋਂ ਕੰਗਾਲ ਇਨਸਾਨੀਅਤ ਦਾ ਅਤਿ ਦਰਦਨਾਕ ਦ੍ਰਿਸ਼ ਹੈ। ਇਸ ਲਈ ਆਪ ਦੇ ਮਤ ਵਿਚ ਸਾਕਤ ਅਤੇ ਨਿਗੁਰਾ ਇਨਸਾਨ ਹੈਵਾਨਾਂ ਤੋਂ ਵੀ ਬਦ-ਤਰ ਹੈ, ਉਹ ਕੁਤਿਆਂ, ਸੂਰਾਂ, ਖੋਤਿਆਂ, ਕਾਵਾਂ, ਸਪਾਂ ਤੋਂ ਵੀ ਨੀਵਾਂ ਹੈ। ਭਾਵੇਂ ਉਹ ਐਮ, ਏ. ਹੈ, ਚਾਹੇ ਪੀ. ਐਚ. ਡੀ. ਤੇ ਚਾਹੇ ਉਹ ਡੀ. ਲਿਟ., ਹੀ ਕਿਉਂ ਨਹੀਂ :

ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ। ਕੂਕਰਹ, ਸੂਕਰਹਿ, ਗਰਧਭਹ, ਕਾਕਹ, ਸਰਪਨਹ ਤੁਲਿ ਖਲਹ।

ਅਜਿਹੇ ਮਨੁਖ ਹੀ ਸਮਾਜ ਦੇ ਵਾਤਾਵਰਣ ਵਿਚ ਜ਼ਹਿਰ ਘੋਲਣ ਦੇ ਜ਼ੁਮੇਵਾਰ ਹਨ। ਸ਼ੇਖ ਸਾਅਦੀ ਦਾ ਵਿਚਾਰ ਹੈ ਕਿ .



www.AKJ.Org

ਤੁਰਾ ਅਜ਼ਦਹਾ ਗਰਬਵਦ ਯਾਰ-ਏ-ਗਾਰ
ਅਜਾਂ ਬਿਹ ਕਿ ਜਾਹਲ ਬਵਦ ਗਮ ਗੁਸਾਰ॥

(ਅਰਥਾਤ ਐ ਇਨਸਾਨ! ਜੇ ਖੜਪਾ ਸਪ ਤੇਰਾ ਨਿਕਟ ਵਰਤੀ ਮਿਤਰ ਹੈ ਤਾਂ ਉਸ ਦੀ ਮਿਤਰਤਾ ਇਕ ਸਿਮਰਨ ਵਿਹੂਣੇ ਮਨਮੁਖ ਜਾਹਲ ਦੀ ਮਿਤਰਤਾ ਨਾਲੋਂ ਚੰਗੀ ਹੈ)।

ਜਿਥੋਂ ਤਕ ਰਬ ਦੀ ਹੋਂਦ ਦਾ ਸਬੰਧ ਹੈ, ਹਜ਼ੂਰ ਬਹੁਤਾ ਦਿਮਾਗੀ ਦਲੀਲ ਬਾਜ਼ੀਆਂ ਵਿਚ ਨਹੀਂ ਪੈਂਦੇ। ਉਨ੍ਹਾਂ ਦਾ ਮਤ ਸ਼ੁਰੂ ਹੀ 'ਨਾਨਕ ਕਾ ਪਾਤਸ਼ਾਹ ਦਿਸੈ ਜ਼ਾਹਰਾ' ਤੋਂ ਹੁੰਦਾ ਹੈ। ਅਕਾਲ ਪੁਰਖ ਰੰਗ ਰੂਪ ਤੋਂ ਨਿਆਰਾ ਹੈ ਤੇ ਉਸ ਦੇ ਅਨੁਭਵ ਲਈ ਮਨੁਖ ਨੂੰ ਵੀ ਆਪਣੀ ਬਿਰਤੀ ਸੂਖਮਤਾ ਦੀ ਚਰਮ ਸੀਮਾਂ ਤਕ ਪਹੁੰਚਣ ਦੀ ਲੋੜ ਹੈ :

ਏਵਡੁ ਊਚਾ ਹੋਵੈ ਕੋਇ। ਤਿਸੁ ਊਚੇ ਕਉ ਜਾਣੈ ਸੋਇ। (ਜਪੁ, ੧)

ਸਿਮਰਨ ਦੀ ਬਰਕਤ ਤੋਂ ਬਿਨਾਂ ਵਿਸ਼ਵ ਸ਼ਾਂਤੀ ਦੀ ਸਥਾਪਨਾ ਵੀ ਕਦੇ ਨਹੀਂ ਹੋ ਸਕਦੀ। ਇਸ ਆਦਰਸ਼ ਦੀ ਪੂਰਤੀ ਲਈ ਵਿਅਕਤੀਗਤ ਮਾਨਸਿਕ ਸ਼ਾਂਤੀ ਬੜੀ ਲਾਜ਼ਮੀ ਹੈ। ਇਹ ਇਬਾਦਤ ਹੀ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੀ ਸਪਿਰਟ ਦਾ ਹਰ ਮਨੁਖੀ ਹਿਰਦੇ ਵਿਚ ਅਮਲੀ ਤੌਰ ਤੇ ਸੰਚਾਰ ਕਰ ਸਕਦੀ ਹੈ। ਇਸ ਜੀਵਨ ਜਾਚ ਨੂੰ ਸਿਖਣ ਲਈ ਮਨ ਨੂੰ ਜਤ, ਧੀਰਜ, ਮਤ (ਬਿਬੇਕ), ਵੇਦ (ਗਿਆਨ), ਭਉ (ਡਰ, ਸੰਜਮ), ਤਪ, ਭਾਉ (ਪਿਆਰ) ਦੀ ਸਾਮਗਰੀ ਨਾਲ ਸ਼ਬਦ ਦੀ ਟਕਸਾਲ ਵਿਚ ਘੜਨਾ ਪੈਂਦਾ ਹੈ। ਇਸ ਲਈ ਵਿਸ਼ਵ ਸ਼ਾਂਤੀ ਦੀ ਸਥਾਪਨਾ ਲਈ ਹਰ ਮਨੁਖ ਲਈ ਇਸ ਅਦੁਤੀ ਟਕਸਾਲ ਵਿਚ ਆਪਣਾ ਮਨ ਘੜਨਾਂ ਜ਼ਰੂਰੀ ਹੈ। ਵਿਸ਼ਵ ਸ਼ਾਂਤੀ ਦੀ ਸਥਾਪਨਾ ਦੇ ਖੇਤਰ ਵਿਚ ਇਹੀ ਉਸ ਦਾ ਸਭ ਤੋਂ ਵਡਾ ਯੋਗ ਦਾਨ ਅਤੇ ਸੇਵਾ ਹੈ। ਮਿਗਰੇਗਰ ਆਪਣੀ ਪੁਸਤਕ 'ਦੀ ਸ਼ਾਰਟ ਹਿਸਟਰੀ ਆਫ਼ ਦੀ ਸਿਖਸ' ਵਿਚ ਲਿਖਦਾ ਹੈ ਕਿ ਇਹ 'ਵਿਸ਼ਵ ਸ਼ਾਂਤੀ ਸਥਾਪਨਾ ਹੀ ਗੁਰੂ ਨਾਨਕ ਜੀ ਦਾ ਜੀਵਨ ਆਦਰਸ਼ ਸੀ ਤੇ ਇਸੇ ਲਈ ਉਹਨਾਂ ਨੇ ਹਿੰਦੂਆਂ ਨੂੰ ਬੁਤ ਪੂਜਾ ਤੋਂ ਵਰਜਿਆ ਅਤੇ ਮੁਸਲਮਾਨਾਂ ਨੂੰ ਤੁਅੱਸਬ ਛਡਣ ਦੀ ਤਾਕੀਦ ਕੀਤੀ।' ਅੱਜ ਵੀ ਸਾਰਾ ਜਗਤ ਇਸੇ ਮਾਨਸਕ ਤੁਆਜ਼ਨ ਲਈ ਤਰਲੋ ਮੱਛੀ ਹੋ ਰਿਹਾ ਹੈ। ਇਸ ਲਈ ਵਕਤ ਤੇ ਹਾਲਾਤ ਦੀ ਨਜ਼ਾਕਤ ਨੂੰ ਮਧੇ-ਨਜ਼ਰ ਰਖਦਿਆਂ ਹੋਇਆਂ ਇਹ ਬੜਾ ਲਾਜ਼ਮੀ ਹੈ ਕਿ ਸੰਸਾਰ ਦੀਆਂ ਯੂ.ਐਨ.ਓ. ਆਦਿ ਤਮਾਮ ਸੰਸਥਾਵਾਂ ਦੁਆਰਾ ਲੋਕਾਂ ਦੇ ਮਨਾਂ ਨੂੰ ਇਸ ਟਕਸਾਲ ਵਿਚ ਘੜਨ ਲਈ ਥਾਂ ਥਾਂ ਦੇ ਵਖ ਵਖ ਮਰਕਜ਼ ਖੋਹਲੇ ਜਾਣ ਕਿਉਂਕਿ ਅਜਿਹੀ ਘਾੜਤ ਹੀ ਈਰਖਾ ਅਤੇ ਸਾੜੇ ਦੀ ਜੁਆਲਾ ਨਾਲ ਤੰਦੂਰ ਵਾਂਗ ਤਪ ਰਹੇ ਮਨੁਖੀ ਮਨਾਂ ਨੂੰ ਸ਼ਾਂਤ ਕਰ ਸਕਦੀ ਹੈ। ਗੁਰੂ ਸਾਹਿਬਾਨ ਦਾ ਪਰਤੱਖ ਫੁਰਮਾਨ ਹੈ ਕਿ—

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ।
ਕਾਟੀ ਬੇਰੀ ਪਗਹ ਤੇ, ਗੁਰਿ ਕੀਨੀ ਬੰਦਿ ਖਲਾਸੁ।
ਆਵਣ ਜਾਣੁ ਰਹਿਓ।
ਤਪਤ ਕੜਾਹਾ ਬੁਝਿ ਗਇਆ, ਗੁਰਿ ਸੀਤਲ ਨਾਮ ਦੀਓ।'

ਨਾਮ ਖੁਮਾਰੀ ਦੀ ਅਵਸਥਾ ਕੋਈ ਅਫ਼ੀਮ ਨਹੀਂ ਬਲਕਿ 'ਨਾਨਕ ਭਗਤਾ ਸਦਾ ਵਿਗਾਸੁ' ਅਤੇ 'ਖਿੜਨ ਖਿੜੀ ਜਿਉ ਚੰਦ ਚਾਂਦਨੀ ਖਿੜਿਆ ਜੀਵਨ ਖੇੜਾ' ਦਾ ਇਹ ਹੈਰਤ ਅੰਗੇਜ਼ ਮਰਹਲਾ, ਸਦੀਵੀ ਆਸ਼ਾਵਾਦੀ ਤੇ ਚੜ੍ਹਦੀ ਕਲਾ ਵਾਲਾ ਜੀਵਨ ਬਖਸ਼ਣ ਲਈ, ਪਿਆਰ ਰੰਗ ਦੀ ਆਨੰਦ ਮਈ ਖੁਸ਼ਬੂ ਨਾਲ ਮੁਅੱਤਰ ਕਰਨ ਵਾਲਾ ਇਕ ਸੁਅਸਥ ਸਮਾਜ ਦੇ ਨਿਰਮਾਣ ਦਾ ਦੁਰਲਬ ਸ਼ਿੰਗਾਰ ਹੈ। ਬਿਨਾਂ ਸਿਮਰਨ ਤੋਂ ਸਮਾਜਕ ਅਨਿਆਏ ਤੇ ਜ਼ੋਰੋ ਜ਼ੁਲਮ ਨਾਲ ਕਦੇ ਵੀ ਟੱਕਰ ਨਹੀਂ ਲਈ ਜਾ ਸਕਦੀ ਤੇ ਨਾ ਹੀ ਖੁਦਗਰਜ਼ੀ ਤੋਂ ਉਚਿਆਂ ਉਠ ਕੇ ਮਾਨੁਖਤਾ ਦਾ ਨਿਸ਼ਕਾਮ ਸੇਵਕ ਹੀ ਬਣਿਆ ਜਾ ਸਕਦਾ ਹੈ। ਇਹ ਮੁਅਜਜ਼ਾ ਤਾਂ ਰਬੀ ਰੰਗ ਵਿਚ ਮਖ਼ਮੂਰ ਬੇਪਰਵਾਹੀ ਦੀ ਬਾਦਸ਼ਾਹੀਅਤ ਦੇ ਸ਼ਹਿਨਸ਼ਾਹਾਂ ਨੂੰ ਹੀ ਬਣ ਆਉਂਦਾ ਹੈ। ਸਿਮਰਨ, ਅਮੀਰ, ਗਰੀਬ, ਰਾਜਾ ਤੁੰਗ ਫ਼ਕੀਰ ਸਭ ਨੂੰ ਇਹ ਪਰਮ ਦਾਤ ਬਖਸ਼ਣ ਲਈ ਪੂਰਨ ਭਾਂਤ ਸਮਰਥ ਹੈ।



www.AKJ.Org

ਭਾਈ ਨੰਦ ਲਾਲ ਜੀ ਲਿਖਦੇ ਹਨ ਕਿ—

'ਯਾਦਿ ਊ ਸਰਮਾਇਐ ਈਮਾ ਬਵਦ ॥
ਹਰ ਗਦਾ ਅਜ਼ ਯਾਦਿ ਊ ਸੁਲਤਾਂ ਬਵਦ ।'
ਯਾਦਿ ਊ ਗਰ ਮੂਨਿਸੇ ਜਾਨਤ ਬਵਦ ॥
ਹਰ ਦੋ ਆਲਮ ਜ਼ੇਰ ਫੁਰਮਾਨਿਤ ਬਵਦ ।'

ਗੁਰੂ ਸਾਹਿਬ ਨੇ ਹੈਵਾਨ ਪ੍ਰਸਤੀ, ਆਦਮ ਪ੍ਰਸਤੀ, ਬੁਧ ਪ੍ਰਸਤੀ, ਔਰ ਦੇਵਤਾ ਪ੍ਰਸਤੀ ਵਿਚ ਮੁਬਤਲਾ ਖੇਰੂ ਖੇਰੂ ਹੋ ਰਹੇ ਰਾਸ਼ਟਰ ਨੂੰ ਸੰਗਠਿਤ ਕਰਨ ਲਈ ਸਭ ਨੂੰ ਇਕ ਅਕਾਲ ਪੁਰਖ ਦਾ ਦਾਮਨ ਪਕੜਾਇਆ । ਭਾਰਤੀ ਅਤੇ ਪਛਮੀ ਧਾਰਮਕ ਵਿਚਾਰਧਾਰਾ ਵਿਚ ਆਪ ਦਾ ਯੋਗ ਦਾਨ ਬੇਨਜ਼ੀਰ ਹੈ । ਤਮਾਮ ਧਰਮਾਂ ਦੇ ਚੰਗੇ ਤੇ ਉਸਾਰੂ ਸਿਧਾਂਤਾਂ ਦਾ ਆਪ ਨੇ ਰੱਜ ਕੇ ਸਤਕਾਰ ਕੀਤਾ ਤੇ ਉਨ੍ਹਾਂ ਦੀਆਂ ਊਣਤਾਈਆਂ ਉਤੇ ਸੁਹਿਰਦ ਆਲੋਚਨਾ ਕਰਦੇ ਹੋਏ ਆਪਣੇ ਵਿਸ਼ਾਲ ਅਨੁਭਵ ਰਾਹੀਂ ਸੁਧਾਰ ਕਰਕੇ ਚੇੜਿਤਨ ਬਖਸ਼ੀ ਤੇ ਸਭ ਨੂੰ ਇਕੋ ਹੀ ਪਰਮਾਤਮਾਂ ਰੂਪੀ ਧਾਗੇ ਵਿਚ ਪਰੋਣ ਦਾ ਪ੍ਰਯਾਸ ਕੀਤਾ ।

ਵੇਦਾਂ ਵਿਚ ਭਾਵੇਂ ਇਕ ਈਸ਼ਵਰ ਦਾ ਖਿਆਲ ਅਵਸ਼ ਹੀ ਵਿਕਸਤ ਹੋਇਆ ਪਰ ਦੇਵਤਾ ਪ੍ਰਸਤੀ ਦਾ ਪ੍ਰਧਾਨਤਾ ਤੇ ਯਗਾਂ ਦਾ ਅਨੁਸ਼ਠਾਨ ਅਜ ਦੇ ਵਿਗਿਆਨਕ ਯੁਗ ਦੀ ਤਰਕ ਯੁਕਤ ਅਕਾਂਖਿਆਂ ਦੀ ਤ੍ਰਿਪਤੀ ਲਈ ਕਾਫ਼ੀ ਨਹੀਂ ਸੀ । ਉਪਨਿਸ਼ਦਾਂ ਦੇ ਫ਼ਲਸਫ਼ੇ ਨਾਲ ਆਪ ਦੇ ਵਿਚਾਰ ਭਾਵੇਂ ਕਾਫ਼ੀ ਮਿਲਦੇ ਹਨ ਪਰ ਸਮਕਾਲੀਨ ਪ੍ਰਸਥਿਤੀਆਂ ਤੇ ਬਦਲਦੀ ਲੋਕ ਭਾਸ਼ਾ ਅਨੁਸਾਰ ਨਿਜੀ ਜੀਵਨ ਅਨੁਭਵ ਦੀ ਮੌਲਿਕ ਅਭਿਵਿਅਕਤੀ ਆਪ ਦਾ ਇਕ ਅਨੁਪਮ ਕ੍ਰਿਸ਼ਮਾ ਹੈ । ਜੈਨ, ਬੁਧ ਅਤੇ ਸਾਂਖ ਸ਼ਾਸਤ੍ਰ ਤਾਂ ਨਿਰੰਕਾਰ ਦੀ ਹਸਤੀ ਨੂੰ ਮੰਨਦੇ ਹੀ ਨਹੀਂ । ਜੈਨ ਮਤ ਦਾ ਸਦਾਚਾਰਕ ਪੱਖ ਭਾਵੇਂ ਉਸਾਰੂ ਤੇ ਸ਼ਲਾਘਾ ਯੋਗ ਪਰ ਗੁਰਮਤ ਦਾ ਸਦਾਚਾਰ ਅਧਿਆਤਮਕ ਨੀਂਹਾਂ ਤੇ ਖੜਾ ਹੈ । ਇਸ ਮਤ ਦੇ 'ਅਹਿੰਸਾ ਪਰਮੋ ਧਰਮਾਂ' ਦੇ ਸਿਧਾਂਤ ਨੂੰ ਗੁਰੂ ਸਾਹਿਬ ਨੇ ਵਿਸ਼ਾਲਤਾ ਬਖਸ਼ੀ । ਆਪ ਦੇ ਮਤ ਵਿਚ ਪਰਉਪਕਾਰ ਲਈ ਕੀਤੀ ਹਿੰਸਾ ਵੀ ਅਹਿੰਸਾ ਹੀ ਹੈ ਤੇ ਲੋੜ ਪੈਣ ਤੇ

'ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ।'

ਅਨੁਸਾਰ ਜਦੋਂ ਸਿਰ ਤੋਂ ਪਾਣੀ ਲੰਘ ਜਾਏ ਫਿਰ ਜ਼ੁਲਮ ਦੇ ਟਾਕਰੇ ਲਈ ਤਲਵਾਰ ਫੜਨੀ ਸਭ ਤੋਂ ਵਡਾ ਧਰਮ ਹੈ । ਬੁਧ ਮਤ ਦੇ ਧਰਮ ਖੇਤਰ ਵਿਚ ਗੁਰੂ ਸਾਹਿਬ ਦੀ ਵਿਸ਼ੇਸ਼ ਦੇਣ ਇਹ ਹੈ ਕਿ ਉਹਨਾਂ ਨੇ ਸੰਸਾਰ ਨੂੰ ਦੁਖਾਂ ਦਾ ਇਕ ਪਲੰਦਾ ਨਹੀਂ ਮੰਨਿਆ ਤੇ ਇਸ ਦੇ 'ਸਰਵਮ ਦੁ:ਖਮ ਦੁ:ਖਮ' ਅਤੇ 'ਸਰਵਮ੍ ਸ਼ੂਨਯਸ੍ ਸ਼ੂਨਯਮ੍' ਦੀ ਥਾਂ ਪ੍ਰਮਾਤਮਾ ਦੀ ਹੋਂਦ ਦੇ ਅਟੱਲ ਵਿਸ਼ਵਾਸ਼ ਦਾ ਪ੍ਰਤੀਪਾਦਨ ਕਰਦੇ ਹੋਏ ਇਸ ਵਿਸ਼ਵ ਦੀ ਉਤਪਤੀ ਦਾ ਸਰੋਤ ਸਤਿ-ਚਿਤ ਅਨੰਦ ਅਕਾਲ ਪੁਰਖ ਨੂੰ ਹੀ ਮੰਨਿਆ ਹੈ । ਆਪ ਦੇ ਮਤ ਵਿਚ ਇਹ ਸੰਸਾਰ ਸੁਖ ਰੂਪ ਹੈ :

ਦੁਖ ਨਾਹੀ ਸਭੁ ਸੁਖ ਹੀ ਹੈ ਰੇ ਏਕੈ ਏਕੀ ਨੇਤੇ ।
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੇ ।
ਸੋਗ ਨਹੀ ਸਦਾ ਹਰਖ ਹੀ ਹੈ ਰੇ ਛੋਡਿ ਨਾਹੀ ਕਛੁ ਲੇਤੇ ।

ਦੁਖ ਦਾ ਕਾਰਨ ਮਨੁਖ ਦੀ ਹਉਮੈਂ ਹੈ ਜੋ ਗੁਰੂ ਸ਼ਬਦ ਦੁਆਰਾ ਨਾਸ ਹੋ ਜਾਂਦੀ ਹੈ ਤੇ ਇਹ ਸੰਸਾਰ ਹਰੀ ਦਾ ਰੂਪ ਹੀ ਦਿਸਣ ਲਗ ਜਾਂਦਾ ਹੈ ।

ਗੀਤਾ ਵਿਚ ਦਿਤੇ ਵਿਚਾਰ ਆਪ ਜੀ ਨਾਲ ਕਾਫ਼ੀ ਮਿਲਦੇ ਹਨ ਪਰ ਜਿਥੋਂ ਤਕ ਅਵਤਾਰਵਾਦ ਦੇ ਸਿਧਾਂਤ ਦਾ ਸਬੰਧ ਹੈ ਆਪ ਅਕਾਲ ਪੁਰਖ ਨੂੰ ਅਜੂਨੀ ਮੰਨਦੇ ਹਨ ਤੇ ਸਭ ਪੀਰਾਂ, ਪੈਗੰਬਰਾਂ, ਨਬੀਆਂ, ਅਵਤਾਰਾਂ ਨੂੰ ਉਸੇ ਦੀ ਕਿਰਤ ਕਹਿੰਦੇ ਹਨ । ਮਾਰੂ ਰਾਗ ਵਿਚ ਆਪ ਲਿਖਦੇ ਹਨ ਕਿ ਬ੍ਰਹਮਾਂ, ਵਿਸ਼ਨੂੰ, ਸ਼ਿਵ ਆਦਿ ਸਭ ਅਕਾਲ ਪੁਰਖ ਦੀ ਸੇਵਾ ਵਿਚ ਜੁਟ ਪਏ ਹਨ :

ਬ੍ਰਹਮਾ ਬਿਸਨੁ ਮਹੇਸੁ ਦੁਆਰੈ ।
ਊਭੇ ਸੇਵਹਿ ਅਲਖ ਅਪਾਰੈ ।
ਹੋਰ ਕੇਤੀ ਦਰਿ ਦੀਸੈ ਬਿਲਲਾਦੀ,
ਮੈ ਗਣਤ ਨ ਆਵੈ ਕਾਈ ਹੇ ।

ਵੈਸ਼ਨਵ ਮਤ ਦੇ ਨਿੰਬਾਰਕ, ਮਾਧਵ, ਰਾਮਾਨੰਦ ਕਬੀਰ, ਵਲਭ, ਚੈਤੰਨ, ਨਾਮਦੇਵ, ਤੁਕਾ ਰਾਮ ਅਤੇ ਰਵਿਦਾਸ ਆਦਿ ਪ੍ਰਚਾਰਕਾਂ ਨੇ ਵਸ਼ਿਸ਼ਟ ਅਦਵੈਤ,



www.AKJ.Org

ਦੇਵਤਾਦਵੈਤ, ਦਵੈਤ, ਭੇਦਾ ਭੇਦ, ਸ਼ੁਧ ਅਦਵੈਤ ਆਦਿ ਸਿਧਾਂਤਾਂ ਦਾ ਨਿਰਮਾਣ ਕੀਤਾ ਹੈ। ਗੁਰੂ ਸਾਹਿਬ ਇਹਨਾਂ ਮਤਾਂ ਵਿਚ ਧਸ ਚੁਕੀ ਅਵਤਾਰ ਅਤੇ ਮੂਰਤੀ ਪੂਜਾ, ਗ੍ਰਹਿਸਤ ਦਾ ਤਿਆਗ, ਡੰਡੌਤ, ਸੰਖ, ਤ੍ਰਿਸੂਲ, ਤਿਲਕ, ਜੀਵਾਂ ਦੀ ਬਲੀ, ਇਕਾਦਸੀ ਦੇ ਵਰਤ ਆਦਿ ਕਰਮ ਕਾਂਡਾਂ ਨੂੰ ਸਮਾਜਕ ਉਪ-ਯੋਗਤਾ ਦੇ ਖੇਤਰ ਵਿਚ ਕਾਰ-ਆਮਦ ਤਸਲੀਮ ਨਹੀਂ ਕਰਦੇ।

ਭਾਰਤ ਦੇ ਖਟ ਦਰਸ਼ਨ ਸਬੰਧੀ ਭਾਈ ਸਾਹਿਬ ਡਾਕਟਰ ਜੋਧ ਸਿੰਘ ਜੀ ਆਪਣੀ ਪੁਸਤਕ 'ਗੁਰੂ ਨਾਨਕ ਸਿਮਰਤੀ ਵਿਆਖਿਆਨ' ਵਿਚ ਲਿਖਦੇ ਹਨ ਕਿ ਨਯਾਯ ਅਤੇ ਵਈਸ਼ੇਸ਼ਿਕ ਅਨੁਸਾਰ ਆਤਮਾ ਅਮਰ ਅਤੇ ਸਰਬ ਵਿਆਪਕ ਹੈ। ਈਸ਼ਵਰ ਸੰਸਾਰ ਦਾ ਪ੍ਰਥਮ ਨਮਿਤ ਕਾਰਨ ਹੈ ਪਰ ਉਪਾਦਨ ਕਾਰਨ ਨਹੀਂ। ਸਾਂਖ ਦਰਸ਼ਨ ਅਨੁਸਾਰ ਪੁਰਸ਼ ਅਤੇ ਪ੍ਰਕ੍ਰਿਤੀ ਦੋ ਅਨਾਦੀ ਹਸਤੀਆਂ ਹਨ। ਪੁਰਸ਼ ਕੈਵਲਯ ਸਰੂਪ ਹੈ ਭਾਵ ਪ੍ਰਕਿਰਤੀ ਤੋਂ ਬਿਲਕੁਲ ਵਖਰਾ ਹੈ। 'ਨਾ ਇਹ ਉਤਪੰਨ ਹੋਇਆ ਹੈ ਨਾ ਇਹ ਕੁਝ ਉਤਪੰਨ ਕਰਦਾ ਹੈ।' ਯੋਗ ਦਰਸ਼ਨ ਵਿਚ ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਨਾ, ਧਿਆਨ ਅਤੇ ਸਮਾਧੀ ਦਾ ਵਿਧਾਨ ਹੈ। ਇਹਨਾਂ ਸਾਧਨਾਂ ਨਾਲ ਮੰਨ ਦੀ ਵਿਰਤੀਆਂ ਨੂੰ ਰੋਕਕੇ ਆਤਮਾਂ ਦੇ ਦਰਸ਼ਨ ਕਰਨ ਦਾ ਵਿਧਾਨ ਹੈ। ਯੋਗ ਸੂਤਰਾਂ ਦਾ ਰਚਤਾ ਵੀ ਪੁਰਸ਼ ਅਤੇ ਪ੍ਰਕ੍ਰਿਤੀ ਵਾਂਗ ਸਦਾ ਰਹਿਣ ਵਾਲਾ ਹੈ। ਪੂਰਬ ਸੀਮਾਂਸਾਂ ਵਿਚ ਸੰਸਾਰ ਨੂੰ ਆਦਿ ਅਤੇ ਅੰਤ ਤੋਂ ਰਹਿਤ ਸਤ ਮੰਨਿਆਂ ਗਿਆ ਹੈ। ਵਿਅਕਤੀਗਤ ਆਤਮਾਵਾਂ ਅਣਗਿਣਤ ਹਨ। ਅਦਵੈਤ ਵੇਦਾਂਤ ਵਿਚ ਸ਼ੰਕਰ ਜੀ ਕੇਵਲ ਬ੍ਰਹਮ ਨੂੰ ਹੀ ਸਤ ਮੰਨਦੇ ਹਨ। ਸੰਸਾਰ ਦੇ ਸੱਤ ਭਾਸਣ ਦਾ ਕਾਰਨ ਮਾਇਆ ਹੈ। ਮਾਇਆ ਅਨਿਰਵਚਨੀਯ ਹੈ। ਨ ਇਹ ਸਤ ਹੈ, ਨ ਅਸਤ ਤੇ ਨ ਹੀ ਸਤ-ਅਸਤ।

ਗੁਰੂ ਸਾਹਿਬ ਦੇ ਵਿਚਾਰ ਵਿਚ ਪਰਮਾਤਮਾ ਹੀ ਵਿਸ਼ਵ ਦਾ ਨਮਿਤ ਅਤੇ ਉਪਾਦਾਨ ਕਾਰਨ ਹੈ, ਉਹੀ ਸਭ ਦਾ ਕਰਤਾ ਹੈ, ਪਾਲਣਹਾਰ ਤੇ ਸੰਘਾਰਕ ਹੈ, ਕਰਮ ਫਲ ਦਾਤਾ ਹੈ, ਉਹ ਲਾਸ਼ਰੀਕ ਹੈ ਅਤੇ ਕਰਤਾ ਪੁਰਖ ਹੈ। ਉਸੇ ਵਿਚੋਂ ਹੀ ਸਭ ਕੁਝ ਪੈਦਾ ਹੋਇਆ ਹੈ। ਹਉਮੈ ਰੂਪ ਮਾਇਆ ਨੇ ਮਨ ਨੂੰ ਵੇੜ੍ਹਿਆ ਹੋਇਆ ਹੈ ਤੇ ਇਸ ਬਾਘ ਨੂੰ ਮਾਰਨ ਨਾਲ ਹੀ ਸਤਿ ਦੀ ਪ੍ਰਾਪਤੀ ਹੋ ਸਕਦੀ ਹੈ ?

ਬਾਘੁ ਮਰੈ ਮਨ ਮਾਰੀਐ
ਜਿਸ ਸਤਿਗੁਰ ਦੀਖਿਆ ਹੋਇ।
ਆਪੁ ਪਛਾਣੈ ਹਰਿ ਮਿਲੈ
ਬਹੁੜਿ ਨ ਮਰਨਾ ਹੋਇ।
(ਸਲੋਕ ਵਾਰਾਂ ਤੋਂ ਵਧੀਕ, ੧)

ਗੁਰੂ ਸਾਹਿਬ ਦਾ ਮਾਰਗ ਸ਼ਬਦ ਯੋਗ ਦਾ ਮਾਰਗ ਹੈ। ਆਸਨਾਂ ਦੀ ਆਲੋਚਨਾ ਕਰਦੇ ਹੋਏ ਤੀਜੇ ਸਰੂਪ ਵਿਚ ਆਪ ਫੁਰਮਾਂਦੇ ਹਨ ਕਿ—

ਸਿਧਾਂ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ। ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ। ੨। ਇਸੁ ਮਨੁ ਕਉ ਹੋਰ ਸੰਜਮੁ ਕੋ ਨਹੀ ਵਿਣੁ ਸਤਿਗੁਰ ਕੀ ਸਰਣਾਇ। ਸਤਿਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੁ ਨ ਜਾਇ।

ਗੋਰਖ ਮਤ ਦੇ ਹਠਯੋਗ, ਨਿਓਲੀ ਕਰਮ, ਪ੍ਰਾਣਾਯਾਮ ਅਤੇ ਕੁੰਡਲਿਨੀ ਯੋਗ ਸੰਬੰਧੀ ਗੁਰੂ ਸਾਹਿਬ ਦਾ ਵਿਚਾਰ ਹੈ ਕਿ :

'ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਟੇ। ਬਿਨ ਸਤਿਗੁਰ ਕਿਛ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ। ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ। ਨਾਮ ਬਿਨਾ ਫੋਕਟ ਸਭਿ ਭਰਮਾ ਜਿਉ ਬਾਜੀਗਰ ਭਰਮ ਭੁਲੈ॥' (ਪ੍ਰਭਾਤੀ, ਮ: ੧ ਅਸਪਦੀਆਂ)

ਜੋਗੀਆਂ ਦੇ ਥੋਥੇ ਭੇਖਾਂ ਨੂੰ 'ਜਪ' ਸਾਹਿਬ ਦੀ ਮੁੰਦਾ ਸੰਤੋਖ ਸਰਮੁ ਪਤੁ ਝੋਲੀ......' ਵਾਲੀ ਪਉੜੀ ਵਿੱਚ ਪ੍ਰੈਕਟੀਕਲ ਪੱਧਰ ਤੇ ਅਰਥ ਯੁਕਤ ਕੀਤਾ ਹੈ।

ਯਹੂਦੀ ਮਤ, ਈਸਾਈ, ਇਸਲਾਮ ਅਤੇ ਸੂਫੀ ਮਤ ਵਿੱਚ ਅਕਾਲ ਪੁਰਖ ਨੂੰ ਵਾਹਿਦੁਲਸ਼ਰੀਕ ਮੰਨਿਆ ਗਿਆ ਹੈ। ਇਸੇ ਤਰਾਂ ਹਿਸਟਰੀ ਆਫ



www.AKJ.Org

ਫਿਲਾਸਫੀ ਵਿੱਚ ਐਲਬਰਟ ਸਵੀਜ਼ਰ ਲਿਖਦੇ ਹਨ ਕਿ ਯੂਨਾਨੀ ਫਿਲਾਸਫਰ ਜੈਨੋਫ਼ੇਨ, ਅਤੇ ਅਰਸਤੂ ਆਦਿ ਸਭ ਪਰਮਾਤਮਾਂ ਦੀ ਏਕਤਾ ਤੇ ਜ਼ੋਰ ਦਿੰਦੇ ਹਨ । ਗੁਰੂ ਸਾਹਿਬ ਇਨ੍ਹਾਂ ਸਭ ਵਿਚਾਰਾਂ ਦਾ ਸਤਕਾਰ ਕਰਦੇ ਹਨ ਪਰ ਇਨ੍ਹਾਂ ਮਤਾਂ ਵਿਚੋਂ ਕਈਆਂ ਵਿਚ ਜੀਵਾਂ ਦੀ ਕੁਰਬਾਨੀ, ਰੋਜੇ, ਸੁਨੰਤ, ਈਸਾਈ ਮਤ ਵਿਚ ਈਸਾ ਜੀ ਨੂੰ ਰਬ ਦਾ ਵਿਸ਼ੇਸ਼ ਪੁਤਰ ਮੰਨਣਾ, ਇਸਲਾਮ ਵਿਚ ਰਸੂਲ ਦੀ ਥੀਉਰੀ ਤੇ ਹੋਰ ਕਰਮ ਕਾਂਡ ਜਿਵੇਂ ਕਿਸੇ ਵਿਸ਼ੇਸ਼ ਦਿਨ ਦੀ ਪਵਿਤਰਤਾ, ਮਕੇ ਦਾ ਹੱਜ, ਸੁਨੰਤ, ਦੁੰਬੇ, ਊਠ ਗਊ ਦੀ ਕੁਰਬਾਨੀ, ਫਰਿਸ਼ਤਿਆਂ ਵਿਚ ਵਿਸ਼ਵਾਸ, ਕਮਲਾਏ ਤਕਸੀਰ ਦੁਆਰਾ ਹਲਾਲ ਆਦਿ ਦੀ ਥਾਂ ਕੇਵਲ ਇਕ ਖੁਦਾ ਦੀ ਬੰਦਗੀ ਉਤੇ ਹੀ ਜ਼ੋਰ ਦਿੰਦੇ ਹਨ ਤੇ ਪੰਜ ਜਾਂ ਸਤ ਨਮਾਜ਼ਾਂ ਦੀ ਥਾਂ 'ਗੁਰਮੁਖਿ ਰੋਮਿ ਰੋਮਿ ਹਰ ਧਿਆਵੇ' ਦੀ ਤਾਕੀਦ ਕਰਦੇ ਹਨ ।

ਸੂਫੀ ਮਤ ਵਿਚ ਅਬੂਦੀਅਤ, ਇਸ਼ਕ, ਜੁਹਦ, ਮਾਰਫ਼ਤ ਵਜਦ, ਹਕੀਕਤ, ਵਸਲ, ਫਨਾਂ ਆਦਿ ਆਤਮਕ ਪੜਾ ਹਨ। ਤਿਆਰੀ ਲਈ ਰਬ ਦੀ ਮਿਹਰ, ਮੁਰਸ਼ਦ ਦੀ ਸਹਾਇਤਾ, ਨਿਜੀ ਮੁਸ਼ੱਕਤ ਤੋਬਾ, ਸਬਰ, ਸ਼ੁਕਰ, ਖ਼ੌਫ, ਫੱਕਰ, ਤਵੱਕਲ, ਜ਼ਿਕਰ, ਤਸੱਵਰ, ਤਬੱਸਮ (ਪ੍ਰਾਣਾਮਾਮ) ਜਰੂਰੀ ਹਨ। ਗੁਰੂ ਸਾਹਿਬ ਦੇ ਵਿਚਾਰ ਇਨ੍ਹਾਂ ਨਾਲ ਕਾਫੀ ਮਿਲਦੇ ਹਨ ਪਰ ਗ੍ਰਹਿਸਤ ਜੀਵਣ ਦੀ ਮਹਾਨਤਾ, ਅਧਿਆਤਮਵਾਦ ਦੀ ਸਮਾਜਕ ਉਪਯੋਗਤਾ, ਇਸ ਦਾ ਦਾਰਸ਼ਨਿਕ ਵਿਸ਼ਲੇਸ਼ਣ, ਸਮਾਜਕ ਤੇ ਰਾਜਨੀਤਕ ਚੇਤਨਤਾ ਆਪਦੇ ਮਤ ਦੀਆਂ ਵਿਲਖਣਤਾਵਾਂ ਹਨ। ਹਮਾਓਸਤ ਬਾਰੇ ਬਰਕ ਦਹਿਲਵੀ ਇਕ ਥਾਂ ਲਿਖਦੇ ਹਨ ਕਿ:

'ਦਿਲ ਕੇ ਪਰਦੋ ਮੇਂ ਦੇਖ ਜਲਵਾ-ਏ-ਤੂਰ । ਬਰਕੇ ਅਮਨ ਤੂ ਸਰਾਪਾ ਨੂਰ । ਤੂੰ ਹੀ ਨਾਜ਼ਰ ਹੈ ਤੂੰ ਹੀ ਹੈ ਮਨਜ਼ੂਰ । ਦੋਨੋ ਆਲਮ ਮੇਂ ਜਲਵਾਂਗਤ ਤੇਰਾ ਹੀ ਹੈ ।'

ਚਕਬਸਤ ਸ਼ਾਇਰ ਦਾ ਵਿਚਾਰ ਹੈ ਕਿ:

'ਵੁਹੀ ਬਿਸਮਲ ਹੈ, ਵੁਹੀ ਜੌਹਰ-ਏ-ਸ਼ਮਸ਼ੀਰ ਭੀ ਹੈ । ਸ਼ੋਅਲਾ-ਏ-ਸ਼ਮਾਅ ਵੁਹੀ ਹੈ ਵੁਹੀ ਗਲਮੀਰ ਭੀ ਹੈ। ਖੁਦ ਮੁਸੱਵਰ ਹੈ ਵੁਹੀ, ਵੁਹੀ ਤਸਵੀਰ ਭੀ ਹੈ, ਵੁਹੀ ਹਾਕਮ ਵੁਹੀ ਕੈਦੀ ਵੁਹੀ ਜੰਜੀਰ ਭੀ ਹੈ...... ਫੂਲ ਭੀ ਵੁਹੀ, ਇਸ ਬਾਗ ਕਾ ਮਾਲੀ ਭੀ ਵੁਹੀ ।'

ਇਸੇ ਜੀਵਨ ਅਨੁਭਵ ਨੂੰ ਪ੍ਰਦਰਸ਼ਿਤ ਕਰਦੇ ਹੋਏ ਮੀਰ ਦਰਦ ਲਿਖਦੇ ਹਨ :

'ਵਹਦਤ ਨੇ ਹਰ ਤਰਫ ਤੇਰੇ ਜਲਵੇ ਦੀਖਾ ਦੀਏ। ਪਰਦੇ ਤਈਨਾਤ ਕੇ ਜੋ ਥੇ ਉਠਾ ਦੀਏ। ਵਹਦਤ ਮੇਂ ਤਿਰੀ ਹਰਫ ਦੁਈ ਕਾ ਨਾ ਆ ਸਕੇ । ਆਈਨਾ ਕਿਆ ਮਜ਼ਾਲ ਤੁਝੇ ਮੂਹ ਦਿਖਾ ਸਕੇ ।'

ਗੁਰੂ ਨਾਨਕ ਜੀ ਸਾਰੀ ਮਨੁਖਤਾ ਨੂੰ ਇਸੇ ਇਕ ਅਲਾਹ ਦੀ ਏਕਤਾ ਦੇ ਧਾਗੇ ਵਿਚ ਪਰੋਂਦੇ ਹੋਏ, ਸਾਰੇ ਧਰਮਾਂ ਨੂੰ ਆਪਣੀ ਗਲਵਕੜੀ ਵਿਚ ਲੈਂਦੇ ਹਨ, ਅਤੇ ਸਾਂਝੀਵਾਲਤਾ ਦਾ ਨਾਅਰਾ ਬੁਲੰਦ ਕਰਦੇ ਹੋਏ ਮਲਾਰ ਰਾਗ ਵਿਚ ਫੁਰਮਾਂਦੇ ਹਨ ਕਿ :

ਆਪੇ ਪਟੀ ਕਲਮ ਆਪਿ ਉਪਰਿ ਲਖੁ ਭਿ ਤੂੰ।
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।

ਇਸ ਤਰ੍ਹਾਂ ਗੁਰੂ ਸਾਹਿਬ ਨੇ Farthehood of God ਅਤੇ Brotherhood of man ਦਾ ਸਾਰੇ ਵਿਸ਼ਵ ਨੂੰ ਸਬਕ ਪੜ੍ਹਾਇਆ । ਡਾ: ਮੁਹੰਮਦ ਲਤੀਫ਼ ਆਪਣੀ ਪੁਸਤਕ 'History of Punjab' ਵਿਚ ਲਿਖਦੇ ਹਨ ਕਿ—

'He maintained that true and pure Religion was one, and that men were all equal. The numerous religions and castes which had sprung up in the world were, he said, the device of man.'

ਪ੍ਰਮਾਤਮਾਂ ਦੀ ਏਕਤਾ ਦੇ ਪ੍ਰਚਾਰ ਨੇ ਸਮਾਜ ਵਿਚ ਪਈਆਂ ਤ੍ਰੇੜਾਂ ਨੂੰ ਮੇਲਿਆ ਤੇ ਲੋਕਾਂ ਦੇ ਹਿਰਦਿਆਂ ਵਿਚ ਹੋਰ ਮਨੁਖੀ ਭਰਾਵਾਂ ਲਈ ਸਤਕਾਰ ਤੇ ਹਮਦਰਦੀ ਦਾ ਜਜ਼ਬਾ ਪੈਦਾ ਕਰ ਦਿਤਾ ਫ੍ਰੈਡਰਿਕ ਪਿਨਕਾਟ ਲਿਖਦੇ ਹਨ ਕਿ—



www.AKJ.Org

'Such was Nanak idea of creator, and Sustainer of the Pheno mena! world, and it was a Conception which at once abragated all petty distinctions of creed, and sect, and domga, and Ceremony. The realisation of such a God, Shetters the Sophistries of the theologians and the Quibling of the dialecticians, it clears the brow from the gloom oi obstruse pondering over trifles and leaves the heart free for the exercise of human Sympathies.'

ਪਰ ਇਹ ਅਕਿਰਤਘਨ ਸੰਸਾਰ ਮਹਾਂਪੁਰਖਾਂ ਦੇ ਕੀਤੇ ਅਹਿਸਾਨ ਬਹੁਤ ਛੇਤੀ ਭੁਲ ਜਾਂਦਾ ਹੈ। ਅਤੇ ਨਿਸ਼ੁਕਰਾ ਬਣ ਕੇ ਅਲਾਹ ਦੇ ਫਜ਼ਲ ਤੋਂ ਮਹਿਰੂਮ ਰਹਿ ਜਾਂਦਾ ਹੈ। ਮਨੁਖ ਦੀ ਇਸ ਜ਼ਹਿਨੀਅਤ ਉਤੇ ਹੀ ਅਥਰੂ ਬਹਾਂਦੇ ਤੇ ਆਹ ਦਾ ਨਾਅਰਾ ਮਾਰਦੇ ਡਾਕਟਰ ਮੁਹੰਮਦ ਇਕਬਾਲ ਲਿਖਦੇ ਹਨ ਕਿ—

'ਕੌਮ ਨੇ ਪੈਗਾਮੇ ਗੌਤਮ ਕੀ ਜ਼ਰਾ ਪਰਵਾਹ ਨ ਕੀ।
ਕਦਰ ਪਹਿਚਾਨੀ ਨ ਆਪਣੇ ਗੌਹਰੇ ਯਕ ਦਾਨਾ ਕੀ।
ਆਹ! ਆਸ਼ਕਾਰ ਉਸ ਨੇ ਕੀਆ ਜੋ ਜ਼ਿੰਦਗੀ ਰਾਜ਼ ਥਾ।
ਹਿੰਦ ਕੋ ਲੇਕਿਨ ਖਿਆਲੀ ਫਲਸਫੇ ਪਰ ਨਾਜ਼ ਥਾ।
ਸ਼ਮ੍ਹੇ ਹੱਕ ਸੇ ਜੋ ਮੁਨੱਵਰ ਹੋ ਯਹੇ ਵੁਹ ਮਹਿਫਲ ਨ ਥੀ।
ਬਾਰਸ਼ੇ ਰਹਿਮਤ ਹੁਈ ਲੇਕਿਨ ਜ਼ਿਮੀ ਕਾਬਲ ਨ ਥੀ।
ਆਹ! ਸ਼ੂਦਰ ਕੇ ਲੀਏ ਹਿੰਦੁਸਤਾਨ ਗਮ ਖਾਨਾ ਹੈ।
ਦਰਦੇ ਇਨਸਾਨੀ ਸੇ ਇਸ ਬਸਤੀ ਕਾ ਘਰ ਬੇਗਾਨਾ ਹੈ।
ਬ੍ਰਹਮਣ ਸਰਸ਼ਾਰ ਹੈ ਅਬ ਤਕ ਮਏ ਪਿੰਦਾਰ ਮੇਂ।
ਸ਼ਮ੍ਹੇ ਗੌਤਮ ਜਲ ਰਹੀ ਹੈ ਮਹਿਫਲੇ ਅੰਗਿਆਰ ਮੇਂ।
ਬੁਤ ਕਦਾ ਫਿਰ ਬਾਅਦ ਮੁੱਦਤ ਕੇ ਰੋਸ਼ਨ ਹੂਆ।
ਨਾਰੇ ਇਬਰਾਹੀਮ ਸੇ ਆਜ਼ਰ ਕਾ ਘਰ ਰੋਸ਼ਨ ਹੂਆ।
ਫਿਰ ਉਠੀ ਆਖਿਰ ਸਦਾ ਤੋਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਇਆ ਖੁਆਬ ਸੇ।

ਇਸ ਮਰਦੇ ਕਾਮਿਲ ਦੀ ਵਿਸ਼ਵ ਧਰਮਾਂ ਦੇ ਖੇਤਰ ਵਿਚ 'ਗੁਰੂਸ਼ਿਪ' ਦੀ ਸੰਸਥਾ ਦੇ ਪਖੋਂ ਵੀ ਦੇਣ ਨੂੰ ਇਕ ਵਿਸ਼ੇਸ਼ ਰੁਤਬਾ ਪ੍ਰਾਪਤ ਹੈ। ਸ੍ਰੀ ਰਾਮ ਚੰਦਰ ਦ ਗੁਰੂ ਵਸ਼ਿਸ਼ਟ ਜੀ ਸਨ, ਸ੍ਰੀ ਕਿਸ਼ਨ ਜੀ ਦੇ ਸੰਦੀਪਨ, ਕੌਰਵਾਂ ਪਾਂਡਵਾਂ ਦੇ ਦ੍ਰੋਣਾਚਾਰੀਆ ਜੀ। ਇਸੇ ਤਰਾਂ ਧ੍ਰੁਮ ਰਿਸ਼ੀ, ਦੁਰਬਾਸ਼ਾ ਰਿਸ਼ੀ ਆਦਿ ਆਪਣੇ ਆਪਣੇ ਸਮਿਆਂ ਵਿਚ ਰਾਜ ਗੁਰੂ ਮੰਨੇ ਗਏ ਹਨ। ਗੋਰਖ ਨਾਥ ਦੇ ਗੁਰੂ ਮਛੰਦਰ ਨਾਥ, ਸੁਆਮੀ ਦਿਆਨੰਦ ਜੀ ਦੇ ਸੁਆਮੀ ਵਿਰਜਾਨੰਦ ਜੀ ਤੇ ਕਬੀਰ ਸਾਹਿਬ ਦੇ ਰਾਮਨੰਦ ਜੀ ਸਨ। ਉਪਨਿਸ਼ਦ ਕਾਲ ਵਿਚ ਇੰਦਰ, ਸ਼ੌਨਕ, ਨਚਿਕੇਤਾ, ਨਾਰਦ, ਸਤਜ਼ਕਾਮ, ਸਵੇਤਕੇਤੂ, ਜਨਕ, ਅਜਾਤ ਸਤਰੂ ਆਦਿ ਬ੍ਰਹਮ ਨਿਸ਼ਠ ਗੁਰੂ ਮੰਨੇ ਗਏ ਹਨ। ਗੁਰੂ ਸਾਹਿਬ ਨੇ ਇਸ ਸੰਸਥਾ ਦੀ ਮਹਾਨਤਾ ਨੂੰ ਮਹਿਸੂਸ ਕੀਤਾ ਤੇ ਕਿਹਾ:

ਨਾਨਕ ਗੁਰੂ ਨ ਚੇਤਨੀ ਮਨਿ ਆਪਣੇ ਸੁਚੇਤ।
ਛੁਟੇ ਤਿਲ ਬੁਆੜ ਜਿਉ ਸੁੰਞੇ ਅੰਦਰਿ ਖੇਤ।

ਗੁਰੂ ਦੀ ਮਹਾਨਤਾ ਨੂੰ ਆਪ ਨੇ ਆਪਣੇ ਮੁਬਾਰਕ ਕਲਾਮ ਵਿਚ ਦੀਪਕ, ਪਾਰਸ, ਬੇੜੀ, ਤੁਲਹਾ ਕੁੰਜੀ, ਸਾਗਰ, ਨਦੀ, ਤੀਰਥ ਬੋਹਿਥ, ਪੀਲਕ, ਪਾਰਜਾਤ, ਕਾਮਧੇਨ, ਹਿਵੈਘਰ ਆਦਿ ਕਈ ਰੂਪਕਾਂ ਤੇ ਉਪਮਾਵਾਂ ਦੁਆਰਾ ਪ੍ਰਸਤੁਤ ਕੀਤਾ ਹੈ। ਬਿਨਾਂ ਗੁਰੂ ਦੀ ਸ਼ਰਨ ਤੋਂ ਮਨੁਖ ਪੂਰਨਤਾ ਤਕ ਨਹੀਂ ਪਹੁੰਚ ਸਕਦਾ।

ਮੌਲਾਣਾ ਰੂਮ ਤਾਂ ਇਥੋਂ ਤਕ ਲਿਖਦੇ ਹਨ ਕਿ ਗੁਰੂ ਕੇਵਲ ਆਪਣੇ ਮਨ ਦੇ ਸੰਕਲਪ ਨਾਲ ਹੀ ਕਾਇਆ ਕਲਪ ਕਰ ਦਿੰਦਾ ਹੈ—

ਸ਼ੇਖ ਫਆਲ ਅਸਤ ਵ ਬੇ ਆਲਤ ਚੂ ਹਕ।
ਬਾ ਮੁਰੀਦਾਂ ਦਾਦ ਬੇ ਗੁਫਤਨ ਸਬਕ।

ਗੁਰੂ ਵਿਚ ਮੁਰਦੇ ਨੂੰ ਜ਼ਿੰਦਾ ਕਰ ਦੇਣ ਦੀ ਸ਼ਕਤੀ ਹੁੰਦੀ ਹੈ। ਅਮਜ਼ਦ ਹੈਦਰਾਬਾਦੀ ਇਕ ਥਾਂ ਲਿਖਦੇ ਹਨ ਕਿ:

ਹਰ ਜ਼ਰਾ ਮੇ ਫਜ਼ਲੇ ਕਿਬਰੀਆ ਹੋਤਾ ਹੈ।
ਇਕ ਚਸ਼ਮੇ ਜ਼ਦਨ ਮੇਂ ਕਿਆ ਸੇ ਕਿਆ ਹੋਤਾ ਹੈ।
ਅਸਨਾਮ ਦਬੀ ਜ਼ਬਾਨ ਸੇ ਯਹ ਕਹਿਤੇ ਹੈਂ।
ਗਰ ਵੁਹ ਚਾਹੇਂ ਤੋ ਪੱਥਰ ਭੀ ਖੁਦਾ ਹੋਤਾ ਹੈ।

ਗੁਰੂ ਨਾਨਕ ਜੀ ਦੀ ਇਸ ਖੇਤਰ ਵਿਚ ਵਿਲੱਖਣਤਾ ਇਹ ਹੈ ਕਿ ਉਹਨਾਂ ਨੇ ਕੇਵਲ



www.AKJ.Org

ਅਕਾਲ ਪੁਰਖ ਨੂੰ ਹੀ ਗੁਰੂ ਮੰਨਣ ਦੇ ਸਿਧਾਂਤ ਉਤੇ ਜ਼ੋਰ ਦਿੱਤਾ ਹੈ :

'ਤਤੁ ਨਿਰੰਜਨ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ। ਅਪੰਰਪਰ ਪਾਰਬ੍ਰਹਮ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ।'

ਇਹ ਗੁਰੂ ਸਰੂਪ ਜੋਤਿ, ਸ਼ਬਦ ਰੂਪ ਵਿਚ ਹਰ ਥਾਂ ਵਿਆਪਕ ਹੈ।

'ਸੋ ਸ਼ਬਦ ਕਾ ਨਿਰੰਤਰਿ ਵਾਸ ਅਲਖੰ
ਜਹ ਦੇਖਾ ਤਹ ਸੋਈ।'

ਇਸ ਸਰਬ ਵਿਆਪਕ ਸ਼ਬਦ ਰੂਪ ਬ੍ਰਹਮ ਦਾ ਸਥੂਲ ਰੂਪ ਆਪ ਜੀ ਦੀ ਰਸਨਾ ਤੋਂ ਉਚਰਿਆ ਉਹ ਸ਼ਬਦ ਹੈ ਜਿਸ ਨੂੰ ਆਪ ਅੰਤਰ ਆਤਮੇ ਇਕ ਰੂਪਤਾ ਉਪਰੰਤ ਗਾਇਣ ਕਰਦੇ 'ਖਸਮ ਕੀ ਬਾਣੀ', 'ਧੁਰ ਕੀ ਬਾਣੀ' ਤੇ 'ਵਾਹੁ ਵਾਹੁ ਬਾਣੀ ਨਿਰੰਕਾਰ ਹੈ' ਕਹਿੰਦੇ ਹਨ। ਸ਼ਬਦ ਦਾ ਹੁਕਮ ਪਾਲਨਾ ਹੀ ਸ਼ਬਦ ਪੂਜਾ ਹੈ। ਇਹੀ ਗੁਰੂ ਦੀ ਸੇਵਾ ਹੈ। ਇਹੀ ਸ਼ਬਦ-ਗੁਰੂ ਆਪਣੇ ਵਾਸਤਵਿਕ ਸ਼ਬਦ-ਬ੍ਰਹਮ ਰੂਪ ਵਿਚ ਲਿਜਾਉਣ ਲਈ ਪੂਰਨ ਭਾਂਤ ਸਮਰਥ ਹੈ। ਸਰੀਰ ਗੁਰੂ ਨਹੀਂ ਬਲਕਿ ਸਾਰੇ ਵਿਸ਼ਵ ਦਾ ਗੁਰੂ ਇਹੀ ਰਬੀ ਜੋਤਿ ਦਾ ਅਵਤਾਰ 'ਸ਼ਬਦ' ਹੀ ਹੈ।

ਰਬ ਦੀ ਏਕਤਾ ਤੇ ਸ਼ਬਦ ਗੁਰੂ ਦੇ ਸਿਧਾਂਤ ਦਾ ਮੁਨੱਵ੍ਰ ਕਰਕੇ ਆਖਿਰ ਗੁਰੂ ਨਾਨਕ ਜੀ ਬੰਦਗੀ ਉਤੇ ਇਨਾ ਜ਼ੋਰ ਕਿਉਂ ਦਿੰਦੇ ਹਨ ? ਉਹ ਕੀ ਚਾਹੁੰਦੇ ਹਨ ? ਦਰਅਸਲ ਉਹ ਹਿੰਦੂ, ਮੁਸਲਮ, ਸਿੱਖ, ਇਸਾਈ, ਯਹੂਦੀ, ਪਾਰਸੀ, ਸੋਸ਼ਲਿਸਟ, ਕਮਯੂ-ਨਿਸਟ ਆਦਰਸ਼ਵਾਦੀ, ਅਸਤਿਤਵਵਾਦੀ, ਨਕਸਲੀਏ ਆਦਿ ਦਿਆਂ ਖੇਤਰਾ ਦੀ ਖਿਚੋਤਾਨ ਤੋਂ ਮਨੁਖ ਨੂੰ ਆਜ਼ਾਦ ਕਰਨਾ ਚਾਹੁੰਦੇ ਹਨ। ਉਨ੍ਹਾਂ ਦੀ ਇਕੋ ਹੀ ਖਾਹਿਸ਼ ਹੈ ਉਹ ਇਹ ਹੈ ਕਿ ਕਿਵੇਂ ਨ ਕਿਵੇਂ ਮਨੁਖ ਮਨੁਖ ਬਣ ਸਕੇ। ਉਹ ਤਾਂ ਕੇਵਲ ਇਨਸਾਨ ਨੂੰ ਇਨਸਾਨ ਹੀ ਬਣਾਉਣਾ ਚਾਹੁੰਦੇ ਹਨ। ਇਹੀ ਉਨ੍ਹਾਂ ਦੇ ਜੀਵਨ ਦੀ ਤੜਪ ਹੈ; ਇਹੀ ਉਨ੍ਹਾਂ ਦੇ ਮਿਸ਼ਨ ਦਾ ਜੀਵਨ ਲਕਸ਼ ਹੈ। ਇਨਸਾਨਾਂ ਨੂੰ ਸੱਚੀ ਇਨਸਾ-ਨੀਅਤ ਸਿਖਾਉਣਾ ਚਾਹੁੰਦੇ ਹਨ। ਮੱਕੇ ਦੀ ਜ਼ਿਆਰਤ ਸਮੇਂ ਜਦ ਆਪ ਨੂੰ ਪੁਛਿਆ ਗਿਆ ਕਿ 'ਹਿੰਦੂ ਵਡਾ ਕਿ ਮੁਸਲਮਾਨੋਈ ?' ਤਾਂ ਆਪ ਨੇ ਫੁਰਮਾਇਆ :

'ਬਾਬਾ ਆਖੇ ਹਾਜੀਆਂ ਸੁਭ ਅਮਲਾਂ
ਬਾਝੋਂ ਦੋਵੇਂ ਰੋਈ' (ਭਾਈ ਗੁਰਦਾਸ)

ਉਨ੍ਹਾਂ ਦੇ ਅੰਦਰ ਆਪਣੇ ਆਪ ਨੂੰ ਗੁਰੂ, ਪੀਰ, ਨਬੀ, ਪੈਗੰਬਰ, ਅਵਤਾਰ, ਰਬ ਦਾ ਖਾਸ ਪੁਤਰ ਜਾਂ ਰਸੂਲ, ਸਮਾਜ ਸੁਧਾਰਕ, ਸਾਮਯਵਾਦੀ ਜਾਂ ਕ੍ਰਾਂਤੀ-ਕਾਰੀ ਆਦਿ ਅਖਵਾਉਣ ਦਾ ਕੋਈ ਚਾ ਨਹੀਂ। ਉਹ ਤਾਂ ਇਕ ਆਦਮੀ ਹਨ ਤੇ ਆਦਮੀ ਅਖਵਾਕੇ ਹੀ ਖੁਸ਼ ਹੁੰਦੇ ਹਨ :

'ਹਮ ਆਦਮੀ ਹਾਂ ਇਕ ਦਮੀ
ਮੁਹਲਤਿ ਮੁਹਤੁ ਨ ਜਾਣਾ।'

ਆਦਮੀ ਵੀ ਉਹ ਜਿਸਨੇ ਸਭ ਦੇ ਕਦਮਾਂ ਦੀ ਖਾਕ ਬਣ ਕੇ ਮਨੁਖਤਾ ਦੀ ਸੇਵਾ ਦੇ ਹਵਨ ਕੁੰਡ ਵਿਚ ਆਪਣੇ ਆਪ ਨੂੰ ਝੁਕਾ ਦਿਤਾ ਹੋਵੇ :

'ਸਿਰੁ ਨਾਨਕ ਲੋਕਾ ਪਾਵ ਹੈ।
ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ।'

ਪਰ ਅਜਿਹਾ ਇਨਸਾਨ ਬਨਣਾ ਕੋਈ ਸੌਖੀ ਗਲ ਨਹੀਂ। ਗਾਲਿਬ ਸਾਹਿਬ ਠੀਕ ਹੀ ਲਿਖਦੇ ਹਨ ਕਿ :

ਬਸਕਿ ਦੁਸ਼ਵਾਰ ਹੈ ਹਰ ਕਾਮ ਕਾ ਆਸਾ ਹੋਣਾ।
ਆਦਮੀ ਕੋ ਭੀ ਮੁਯੱਸਰ ਨਹੀਂ ਇਨਸਾਨ ਹੋਣਾ।

ਇਨਸਾਨ ਕੌਣ ਹੈ ? ਨਾਨਕ ਗੁਰੂ ਦੇ ਜੀਵਨ ਫ਼ਲਸਫ਼ੇ ਵਿਚ ਇਨਸਾਨ ਦੀ ਕੀ ਤਾਰੀਫ਼ ਹੈ ? ਅਲਾਹ ਦੀ ਯਾਦ ਵਿਚ ਲੀਨ ਤੇ ਪਰਉਪਕਾਰ ਦੀ ਸਾਕਾਰ ਮੂਰਤ, ਆਪਣਾ ਬਿਗਾਰ ਬਿਗਾਨਾ ਸਾਂਢੇ' ਦੀ ਸਿਪਿਰਟ ਨਾਲ ਲਬਰੇਜ਼ ਹੋਈ ਕੋਈ ਹਸਤੀ ਹੀ ਮਨੁਖ ਅਖਵਾਉਣ ਦਾ ਹੱਕ ਰਖ ਸਕਦੀ ਹੈ। ਆਪ ਦੇ ਮਤ ਵਿਚ ਅਜਿਹਾ ਮਨੁਖ ਬਨਣ ਲਈ ਸਿਮਰਨ ਦੀ ਦੌਲਤ ਇਕੱਠੀ ਕਰਨੀ ਬੜੀ ਲਾਜ਼ਮੀ ਹੈ ਅਤੇ ਫਿਰ ਇਸ ਦੌਲਤ ਦਾ ਸਮਾਜਕ ਉਪਯੋਗ ਉਸ ਨਾਲੋਂ ਵੀ ਵਧ ਜ਼ਰੂਰੀ ਹੈ। ਮੀਰ ਦਰਦ ਸਾਹਿਬ ਲਿਖਦੇ ਹਨ ਕਿ—

ਦਰਦੇ ਦਿਲ ਕੇ ਵਾਸਤੇ ਪੈਦਾ ਕੀਆ ਥਾ ਇਨਸਾਨ ਕੋ
ਵਰਨਾ ਤਾਇਤ ਕੇ ਲੀਏ ਕਮ ਨ ਥੇ ਕਰੋ ਬਿਆਂ।



www.AKJ.Org

ਇਨਸਾਨ ਉਹ ਹੈ ਜੋ ਕਿਸੇ ਦਾ ਦਰਦ ਵੰਡਾਉਣ ਲਈ ਜਾ ਰਿਹਾ ਹੈ। ਜਿਸ ਚੰਦਨ ਵਿਚ ਖੁਸ਼ਬੂ ਨਹੀਂ ਉਹ ਨਿਰੀ ਲਕੜ ਹੀ ਹੈ; ਜਿਸ ਮਨੁਖ ਵਿਚ ਇਨਸਾਨੀਅਤ ਨਹੀਂ ਉਹ ਮੁਰਦਾ ਹੈ, ਇਕ ਜੀਉਂਦੀ ਜਾਗਦੀ ਟੁਰਦੀ ਫਿਰਦੀ ਲਾਸ਼ ਹੈ—

'ਆਦਮੀਅਤ ਰਾ ਆਦਮੀਅਤ ਲਾਜ਼ਮ ਅਸਤ
ਊਦ ਰਾ ਗਰ ਬੂ ਨ ਬਾਸ਼ਦ ਹੈਜ਼ਮ ਅਸਤ।'

ਜਿਹੜਾ ਮਨੁਖਤਾ ਦੇ ਕਿਸੇ ਸਦਸਯ ਨੂੰ ਭਾਵੇਂ ਉਹ ਕਿੰਨੀ ਵੀ ਵਖਰੀ ਆਈਡੀਆਲੋਜੀ ਤੇ ਵਿਚਾਰ ਕਿਉਂ ਨ ਰਖਦਾ ਹੋਵੇ ਸਚੇ ਦਿਲੋਂ ਉਸ ਨੂੰ ਭਰਾ ਨਹੀਂ ਸਮਝਦਾ, ਮਾਨੋ ਉਹ ਗੁਰੂ ਨਾਨਕ ਜੀ ਦੇ ਜੀਵਨ ਆਦਰਸ਼ ਤੋਂ ਕਰੋੜਾਂ ਮੀਲ ਦੂਰ ਹੈ। ਇਹ ਗਲ ਨਿਰੀ ਨਾਅਰੇਬਾਜ਼ੀ ਨਾਲ ਨਹੀਂ ਆ ਸਕਦੀ। ਜਦ ਤਕ ਸਮੁਚੀ ਮਨੁਖਤਾ ਸਚੇ ਦਿਲੋਂ ਇਕ ਪਿਤਾ ਰੂਪ ਪਰਮਾਤਮਾ ਦੀ ਔਲਾਦ ਹੋਣ ਦਾ ਦ੍ਰਿੜ ਵਿਸ਼ਵਾਸ ਨਹੀਂ ਹਿਰਦੇ ਵਿਚ ਧਾਰਨ ਕਰਦੀ ਵਿਸ਼ਵ ਸ਼ਾਂਤੀ ਤੇ ਸਾਂਝੀਵਾਲਤਾ ਕੇਵਲ ਇਕ ਸੁਪਨਾ ਹੀ ਰਹੇਗਾ।

ਹਲੇਮੀ ਅਤੇ ਮਿਠਤ ਬਾਬੇ ਨਾਨਕ ਦੇ ਮਤ ਵਿਚ ਮਨੁਖੀ ਸ਼ਖਸੀਅਤ ਦੇ ਆਚਰਣ ਦਾ ਕੇਂਦਰੀ ਬਿੰਦੂ ਹੈ। ਹਉਮੈਂ ਹੰਕਾਰ ਤੋਂ ਪਾਕ ਤੇ ਨਿਮਰਤਾ ਦਾ ਮੁਜੱਸਮਾ ਹੋਣਾ ਹੀ ਮਨੁਖੀ ਕਿਰਦਾਰ ਲਈ ਰੀੜ ਦੀ ਹੱਡੀ ਹੈ। ਹਉਮੈਂ-ਤਕੱਬਰ ਮਨੁਖੀ ਸ਼ਖਸੀਅਤ ਨੂੰ ਸੁਆਹ ਕਰ ਦਿੰਦੀ ਹੈ :

ਤਕੱਬਰ ਮਕੁਨ ਜ਼ੀਨਹਾਰ ਐ ਪਿਸਰ।
ਕਿ ਰੋਜ਼-ਏ-ਜ਼ਦਸਤਸ਼ ਦਰਾਈ ਬਸਰ।...
ਤਕੱਬਰ ਬਵਦ ਆਦਤ-ਏ-ਜ਼ਾਹਲਾਂ।
ਤਕੱਬਰ ਨ ਆਇਦ ਜ਼ ਸਾਹਿਬ-ਏ-ਦਿਲਾ...
ਤਕੱਬਰ ਬਵਦ ਮਾਇਆ-ਏ-ਮੁਦਬਰੀ।
ਤਕੱਬਰ ਬਵਦ ਅਸਲ-ਏ-ਬਦ ਗੋਹਰੀ।

ਅਰਥਾਤ : ਐ ਇਨਸਾਨ ਪਰਮਾਤਮਾਂ ਤੋਂ ਵਿਛੜ ਕੇ ਆਪਣੀ ਵਖਰੀ ਮਨੌਤ ਕਾਰਨ ਤੂੰ ਮਾਨੁਖਤਾ ਦਾ ਕਦੇ ਵੀ ਸਚਾ ਸੇਵਾਦਾਰ ਨਹੀਂ ਬਣ ਸਕੇਂਗਾ। ਕਿਸੇ ਨ ਕਿਸੇ ਪੜਾ ਤੇ ਖੁਦਗਰਜ਼ੀ ਤੇ ਹੰਕਾਰ ਜ਼ਰੂਰ ਹੀ ਤੇਰੀ ਆਤਮਾ ਨੂੰ ਸ਼ਕੰਜੇ ਵਿਚ ਜਕੜ ਲੈਣਗੇ ਤੇ ਇਸੇ ਲਈ ਇਕ ਦਿਨ ਤੂੰ ਅਵੱਸ਼ ਹੀ ਸਿਰ ਪਰਨੇ ਡਿਗੇਂਗਾ। ਵਿਦਵਾਨ ਹੰਕਾਰ ਨਹੀਂ ਕਰਦੇ, ਹੰਕਾਰ ਕਰਨਾ ਅਗਿਆਨੀਆਂ ਦਾ ਕੰਮ ਹੈ, ਨੇਕ ਦਿਲਾਂ ਵਿਚ ਗਰੂਰ ਨਹੀਂ ਹੁੰਦਾ। ਨਿਮਰਤਾ ਵਡਿਤਨ ਦੀ ਬੁਨਿਆਦ ਹੈ, ਹੰਕਾਰ ਬਦਕਿਸਮਤੀ ਦਾ ਖ਼ਜ਼ਾਨਾ ਹੈ। ਰੱਬ ਦੀ ਦਰਗਾਹ ਵਿਚ ਹੋਰ ਪਾਪ ਤਾਂ ਮੁਆਫ਼ ਹੋ ਸਕਦੇ ਹਨ ਜਿਵੇਂ 'ਦਾਝਿ ਗਏ ਤ੍ਰਿਣ ਪਾਪ ਸੁਮੇਰ। ਜਪਿ ਜਪਿ ਨਾਮੁ ਪੂਜੇ ਪ੍ਰਭ ਪੈਰ।' ਪਰ 'ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ।' ਬਰਕ ਸਾਹਿਬ ਇਕ ਥਾਂ ਲਿਖਦੇ ਹਨ ਕਿ :

ਜਿਸਮ ਫ਼ਾਨੀ ਜਹਾਨ ਫ਼ਾਨੀ ਹੈ।
ਨਸ਼ਾ-ਏ-ਜ਼ੀਸਤ ਸਰ ਗਿਰਾਨੀ ਹੈ।
ਨਕਸ਼ ਬਰ ਆਬ ਜ਼ਿੰਦਗਾਨੀ ਹੈ।
ਟੂਟਤੇ ਹੀ ਹਬਾਬ ਪਾਨੀ ਹੈ।

ਹੰਕਾਰੀ ਬੰਦੇ ਦੀ ਸਭ ਤੋਂ ਵਡੀ ਨਿਸ਼ਾਨੀ ਇਹ ਹੈ ਕਿ ਉਹ ਆਪਣੇ ਆਪ ਨੂੰ ਹੋਰਾਂ ਨਾਲੋਂ ਵਧੇਰੇ ਆਲਮ ਸਮਝਦਾ ਹੈ ਪਰ ਗੁਰੂ ਨਾਨਕ ਜੀ ਦੀ ਤਾਲੀਮ ਦਾ ਪ੍ਰਕਾਸ਼ ਇਹ ਹੈ ਕਿ :

'ਨਾ ਕੋ ਮੂਰਖੁ ਨ ਕੋ ਸਿਆਣਾ। ਵਰਤੈ ਸਭ ਕਿਛੁ ਤੇਰਾ ਭਾਣਾ। ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਿਣੁ ਨ ਜਾਈ ਜੀਉ।'

ਇਸ ਲਈ ਮੀਰ ਅਨੀਸ ਦੇ ਸ਼ਬਦਾਂ ਵਿਚ :

'ਆਜਜ਼ ਨ ਕਿਸੀ ਬਸ਼ਰ ਕੋ ਅਸਲਾ ਸਮਝੋ।
ਨਾਦਾਨ ਹੈ ਵੁਹ ਜੋ ਆਪ ਕੋ ਦਾਨਾ ਸਮਝੇ।
ਹੈ ਔਜ਼ੇ ਕਮਾਲ ਵ ਨੇਕ ਨਫਸੀ ਕੀ ਦਲੀਲ।
ਅਦਨਾ ਭੀ ਹੋ ਅਗਰ ਤੋਂ ਉਸ ਕੋ ਭੀ ਆਲਾ ਸਮਝੇ।'

(ਚਲਦਾ)



www.AKJ.Org

# ਸਰਬੰਸ-ਦਾਨੀ ਦੀ ਘਾਲਣਾ

ਵਲੋਂ :

ਭਾਈ ਜਗਤ ਸਿੰਘ 'ਜਗਤ' ਫਤੋਵਾਲ

*

ਪੋਹ ਸੁਦੀ ਸਤ ਕਲਗੀਧਰ ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼ ਦਿਵਸ ਹਰ ਸਾਲ ਦੁਨੀਆਂ ਭਰ ਵਿਚ ਬੜਿਆਂ ਚਾਵਾਂ ਤੇ ਮਲਾਰਾਂ ਨਾਲ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਦੀ ਵਡੀ ਦੇਣ ਭਾਰਤ ਵਰਸ਼ ਵਿਚ ਵਸਣ ਵਾਲਿਆਂ ਪੰਜਾਬੀਆਂ ਦੇ ਵਿਰਸੇ ਆਉਂਦੀ ਹੈ ਕਿਉਂਕਿ ਬਾਜਾਂਵਾਲੇ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਪੰਜਾਬ ਦੀ ਪਵਿਤਰ ਧਰਤੀ ਵਿਖੇ ਗੁਜ਼ਾਰਿਆ ਹੈ। ਸ੍ਰੀ ਅਨੰਦਪੁਰ ਸਾਹਿਬ ਦਸਮੇਸ਼ ਪਿਤਾ ਜੀ ਦੀਆਂ ਯਾਦਾਂ ਦਾ ਸੁਹਾਵਨਾ ਕੇਂਦਰ ਹੈ। ਸ੍ਰੀ ਕੇਸਗੜ ਸਾਹਿਬ ਜਿਥੇ ਕਿ ਮਰਦ ਅਗੰਮੜੇ ਨੇ ਅਗੰਮੀ ਅਨੂਪੰ ਅੰਮ੍ਰਿਤ ਕਲਾ ਖੇਲੀ ਸੀ ਓਥੇ ਅਜ ਸੰਗਤਾਂ ਕੇਸਰੀ ਨਿਸ਼ਾਨ ਉਚਿਆਂ ਝੂਲਦੇ ਦੇਖ ਗੱਦ ਗੱਦ ਹੋ ਰਹੀਆਂ ਹਨ।

ਅਨੰਦਪੁਰੀ ਦਾ ਵਾਸੀ ਰੱਬੀ ਭਾਣਾ ਮੰਨ ਕੇ ਇਸ ਰੰਗੀਨ ਧਰਤੀ ਨੂੰ ਸਮੇਤ ਪ੍ਰਵਾਰ ਛਡ ਕੇ ਜ਼ਾਲਮਾਂ ਜਾਬਰਾਂ ਨੂੰ ਸੋਧਨ ਚਲੇ ਗਿਆ ਸੀ। ਤੁਰਕਾਂ ਹਿੰਦੂਆਂ ਨੇ ਝੂਠੀਆਂ ਕਸਮਾਂ ਖਾ ਕੇ ਜੋ ਗੁਰੂ ਜੀ ਦੇ ਨਾਲ ਧਰੋਹ ਕੀਤਾ ਇਤਿਹਾਸ ਰਹਿੰਦੀ ਦੁਨੀਆਂ ਤੀਕ ਇਸ ਕਾਲੇ ਦਾਗ਼ ਨੂੰ ਨਹੀਂ ਧੋ ਸਕਦਾ। ਕਲਗੀਧਰ ਜੀ ਦੇ ਇਤਿਹਾਸ ਦਾ ਪੰਨਾ ਪੰਨਾ ਖ਼ੂਨ ਨਾਲ ਲਬਰੇਜ਼ ਹੈ। ਅਜ ਦੇ ਨਵੇਂ ਲਿਖਾਰੀ ਜਿਨ੍ਹਾਂ ਦਾ ਨਿਸ਼ਾਨਾ ਕੇਵਲ ਮਾਇਆ ਹੀ ਹੈ ਗੁਰੂ ਜੀ ਦੇ ਇਤਿਹਾਸ ਨੂੰ ਮਨਘੜਤ ਮਸਾਲੇ ਲਾ ਕੇ ਮਾਨੁਖਤਾ ਨੂੰ ਖਾਲਸੇ ਦੀ ਨਿਰੋਲਤਾਈ ਤੋਂ ਓਹਲੇ ਰਖ ਰਹੇ ਹਨ। ਏਹੀ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਪਰ ਲਿਖੇ ਲੇਖ ਰਸਾਲੇ ਕਿਤਾਬਾਂ ਵਿਚ ਕਈ ਮੱਤਭੇਦ ਹਨ। ਜਿਵੇਂ ਕੋਈ ਸ਼ਰਾਬ ਕਬਾਬ ਦੀ ਮਸਤੀ ਵਿਚ ਫਸਿਆ ਇਹ ਕਹਿਣੋਂ ਸੰਕੋਚ ਨਹੀਂ ਕਰਦਾ ਕਿ ਗੁਰੂ ਸਾਹਿਬ ਨੇ ਫਲਾਂ ਵੇਲੇ ਬਕਰੇ ਝਟਕਾਏ ਇਤ ਆਦਿ। ਆਪਣੇ ਮਨ ਦੀ ਰੁਚੀ ਅਨੁਸਾਰ ਲਿਖ ਦੇਣਾ ਕੁਝ ਹੋਰ ਹੁੰਦਾ ਹੈ ਪਰ ਜੇ ਕਿਸੇ ਕਥਨੀ ਨੂੰ ਗੁਰਮਤ ਕਸਵੱਟੀ ਤੇ ਪਰਖੀਏ ਤਾਂ ਅਸਲੀਅਤ ਕੁਝ ਨਿਕਲ ਪੈਂਦੀ ਹੈ। ਤਾਂ ਤੇ ਅਵੱਸ਼ ਇਹ ਗਲ ਮੰਨਣੀ ਪਵੇਗੀ ਕਿ ਕਲਗੀਧਰ ਪਾਤਸ਼ਾਹ ਦੀ ਨਿਰੋਲਤਾਈ ਨੂੰ ਪ੍ਰਗਟ ਕਰਨ ਲਈ ਪਹਿਲੋਂ ਖੰਡੇਧਾਰ ਅੰਮ੍ਰਿਤ ਛਕਿਆ ਹੋਵੇ ਤਾਂ ਹੀ ਸੁਰਤ ਸ਼ਬਦ ਦੀ ਇਕਤਾਈ ਨਾਲ ਦਸਵੇਂ ਦੁਆਰ ਦੀਆਂ ਅਗੰਮੀ ਲਹਿਰਾਂ ਨੂੰ ਛੋਹਿਆ ਜਾਏਗਾ। ਸਭ ਤੋਂ ਵਧੇਰੇ ਲੋੜ ਇਹ ਹੈ ਕਿ ਗੁਰੂ ਸਾਹਿਬਾਂ ਦੇ ਜੀਵਨ ਪਰ ਲਿਖੇ ਲੇਖ, ਕਵਿਤਾਵਾਂ, ਰਿਸਾਲੇ, ਅਖ਼ਬਾਰਾਂ ਤੇ ਕਿਤਾਬਾਂ ਗੁਰੂ ਖਾਲਸਾ ਪੰਥ (ਪੰਜਾਂ ਪਿਆਰਿਆਂ) ਦੀਆਂ ਨਜ਼ਰਾਂ 'ਚੋਂ ਗੁਜ਼ਰਨੇ ਚਾਹੀਦੇ ਹਨ।

ਪੁਰਾਤਨ ਇਤਿਹਾਸ ਦਾ ਤੱਤ ਵਧੇਰੇ ਅਸੀਂ ਗੁਰਬਾਣੀ ਤੋਂ ਹਾਸਲ ਕਰ ਸਕਦੇ ਹਾਂ ਪਰ ਇਹ ਕਲਾ ਤਾਂ ਹੀ ਵਰਤ ਸਕਦੀ ਹੈ ਜੇ ਅਸੀਂ ਮਨਮਤਿ ਤੋਂ ਹਟਦੇ ਹੋਏ ਗੁਰਮਤਿ ਲੀਹਾਂ ਤੇ ਚਲੀਏ। ਸਾਡੇ ਭਾਗ ਸਵੱਲੇ ਤਾਂ ਹੀ ਹੋ ਸਕਦੇ ਹਨ ਜੇ ਅਸੀਂ ਤੁਰਕ ਹਿੰਦੂ ਲੀਹਾਂ ਨੂੰ ਕੱਟ ਕਰਦੇ ਹੋਏ ਸਤਿਗੁਰ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਚਲੀਏ। ਉਹ ਕਠਨ ਵੇਲੇ ਯਾਦ ਕਰਕੇ ਬਾਜ਼ੂ ਫੁਰਕ ਪੈਂਦੇ ਹਨ ਤੇ ਅੱਖਾਂ ਵਿਚੋਂ ਲਹੂ ਨੀਰ ਛੁਟ ਪੈਂਦਾ ਹੈ ਜਦੋਂ ਜ਼ਾਲਮ ਤੁਰਕਾਂ ਨੇ ਸਾਡੇ ਵੀਰਾਂ ਦੀਆਂ ਖ਼ੂਨੀ ਹੋਲੀਆਂ ਖੇਲੀਆਂ ਸੀ ਤੇ ਸਿਰਾਂ ਦਾ ਮੁਲ ਪਾਇਆ ਸੀ। ਇਹ ਮਹਾਨ ਵਿਰਸਾ ਗੁਰੂ ਕੇ ਖਾਲਸੇ ਨੂੰ



www.AKJ.Org

ਪ੍ਰਾਪਤ ਹੈ ਜਿਸ ਦੀ ਸ਼ਕਤੀ ਨੇ ਗਿੱਦੜਾਂ ਨੂੰ ਦਿਲਾਵਰ ਸ਼ੇਰ ਬਣਾ ਕੇ ਮਾਨੁਖਤਾ ਦੇ ਦੁਸ਼ਮਨਾਂ ਨੂੰ ਕਾਬਲ ਦੀਆਂ ਕੰਧਾਂ ਤੋਂ ਸਦਾ ਲਈ ਪਾਰ ਭਜਾ ਦਿਤਾ। ਹਿੰਦੂ ਸਮਾਜ ਬੁਧ ਮਤਿ ਦੀਆਂ ਲੀਹਾਂ ਤੇ ਚਲ ਕੇ ਇਤਨਾ ਕਮਜ਼ੋਰ ਹੋ ਚੁਕਾ ਸੀ ਕਿ ਜ਼ਾਲਮਾਂ ਦੀ ਤੇਗ਼ ਉਹਨਾਂ ਨੂੰ ਗਾਜਰ ਮੂਲੀ ਦੀ ਤਰ੍ਹਾਂ ਕਟ ਰਹੀ ਸੀ। ਇਤਿਹਾਸ ਨੂੰ ਬਦਲਣ ਵਾਲਿਓ ਸਚਿਆਈ ਨਹੀਂ ਛਪ ਸਕਦੀ।

ਸਾਨੂੰ ਅਕਾਲ ਪੁਰਖ ਸਿਰਜਨਹਾਰ ਦਾ ਕੋਟਾਨ ਕੋਟ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ ਜਿਸ ਨੇ ਸਾਰੇ ਸੰਸਾਰ ਵਿਚ ਅਮਨ ਸ਼ਾਨਤੀ ਤੇ ਸਾਂਝੀਵਾਲਤਾ ਕਾਇਮ ਕਰਨ ਲਈ ਸਤਿਗੁਰ ਨਾਨਕ ਦੇਵ ਜੀ ਨੂੰ ਕੁਲ ਮਾਨੁਖਤਾ ਦਾ ਰਹਿਬਰ ਬਣਾ ਕੇ ਘਲਿਆ ਸੀ। ਕਿਹਨੂੰ ਪਤਾ ਨਹੀਂ ਕਿ ਸਾਡੇ ਦਰਗਾਹ ਦੇ ਸਹਾਈ ਨੇ ਸਤਿਨਾਮ ਦੀ ਵਰਖਾ ਤਰਲੋਕੀ ਵਿਖੇ ਵਰਸਾਈ। ਉਸ ਦੀ ਪਵਿਤਰ ਮਿਠੀ ਬਾਣੀ ਨੂੰ ਨਾਗਾਂ ਨੇ ਛਾਇਆ ਕੀਤੀ ਤੇ ਉਸ ਦੇ ਸਾਫ਼ ਰਵਈਏ ਨੇ ਪੰਡਤਾਂ ਕਾਜ਼ੀਆਂ ਨੂੰ ਸਚ ਵਲ ਜੋੜਿਆ। ਉਸ ਪਾਕ ਹਸਤੀ ਨੇ ਦੁਨੀਆਂ ਨੂੰ ਸੱਚਾ ਸੌਦਾ ਕਰਨ ਦੀ ਦਲੇਰੀ ਬਖਸ਼ੀ ਬੇਸ਼ਕ ਆਪਣੇ ਪਿਤਾ ਤੋਂ ਚਪੇੜਾਂ ਖਾਣੀਆਂ ਪਈਆਂ ਨਿਰੰਕਾਰੀ ਜੋਤ ਨੇ ਰੀਠੇ ਮਿਠੇ ਕੀਤੇ ਤੇ ਤਪਦੇ ਦਿਲਾਂ ਨੂੰ ਠਾਰਿਆ। ਦੁਨੀਆਂ ਜਾਣਦੀ ਹੈ ਕਿ ਮਕੇ ਨੂੰ ਕਿਸ ਨੇ ਭੁਆਇਆ ਸੀ। ਸਾਡੇ ਪਵਿੱਤਰ ਪਾਤਸ਼ਾਹ ਦੇ ਪੰਜੇ ਤੇ ਟਿਕਿਆ ਭਾਰੀ ਪ੍ਰਬਤ ਅਜ ਦੇ ਝੂਠੇ ਦੇਹਧਾਰੀ ਗੁਰੂਆਂ ਲਈ ਸਿਧਾ ਚੈਲੰਜ ਹੈ। ਅਫਸੋਸ ਕਿ ਸਿਖ ਜੰਤਾ ਮਾਇਆ ਦੇ ਅਧੀਨ ਹੋ ਕੇ ਧੜਾ ਧੜ ਅਪਣੇ ਨਿਸ਼ਾਨੇ ਤੋਂ ਖਿਸਕ ਰਹੀ ਹੈ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ ਕਿਹਾ ਸੋਹਣਾ ਪ੍ਰਗਟਾਵਾ ਹੈ ਕਿ ਸਤਿਗੁਰ ਨਾਨਕ ਆਉਣ ਤੇ ਮਾਨੁਖਤਾ ਦੇ ਮਨਾਂ ਤੇ ਮਾਇਆ ਮਮਤਾ ਦੀ ਪਈ ਧੁੰਦ ਮਿਟ ਗਈ ਤੇ ਸਾਰੇ ਜਗਤ ਵਿਚ ਸਚ ਦਾ ਪ੍ਰਕਾਸ਼ ਹੋ ਗਿਆ। ਤਾਂ ਫਿਰ ਕੀ ਸਤਿਗੁਰ ਨਾਨਕ ਦੇਵ ਜੀ ਨੂੰ ਜ਼ਾਹਰਾ ਪੀਰ ਜਗਤ ਗੁਰ ਬਾਬਾ ਕਹਿਣਾ ਸ਼ੋਭਦਾ ਹੈ ਜਾਂ ਨਹੀਂ ਕਾਸ਼! ਕਿ ਅਜ ਦੀ ਮਨੁਖਤਾ ਜਾਗੇ ਤੇ ਜਿਵੇਂ ਸਤਗੁਰੂਆਂ ਨੂੰ ਪ੍ਰਖਿਆ ਸੀ ਅਜ ਦੇ ਝੂਠੇ ਦੇਹ ਧਾਰੀਆਂ ਨੂੰ ਪਰਖੇ ਤਾਂ ਦੇਖੋ ਗੁਰਬਾਣੀ ਦੇ ਨਿਰੋਲ ਕੀਰਤਨਾਂ ਲਈ ਕੈਸਾ ਸੋਹਣਾ ਮੈਦਾਨ ਸਾਫ ਹੋ ਜਾਵੇ ਉਹ ਨਾਨਕ ਪਾਤਸਾਹ ਦੀ ਜੋਤ ਸੀ ਜਿਸ ਨੂੰ ਤਤੀ ਤੱਵੀ ਤੇ ਪ੍ਰਖਿਆ ਸੀ ਤੇ ਉਬਲਦੀ ਦੇਗ ਵਿਚ ਬਿਠਾ ਕੇ ਜ਼ਾਲਿਮਾਂ ਨੇ ਆਪਣੇ ਤਪਦੇ ਕਠੋਰ ਹਿਰਦਿਆਂ ਨੂੰ ਠਾਰਿਆ ਸੀ ਸਚੇ ਸਤਿਗੁਰ ਨੂੰ ਓਹਲੇ ਕਰਨ ਲਈ ਕਦੇ ਬਾਈ ਮੰਜੀਆਂ ਸਜੀਆਂ ਪਈਆਂ ਸਨ ਅਜ ਤਾਂ ਮੰਜੀਆਂ ਦੇ ਢੇਰਾਂ ਦੇ ਢੇਰ ਲਗੇ ਪਏ ਹਨ। ਅਜ ਦੀ ਸੁਤੀ ਮਾਨੁਖਤਾ ਨੂੰ ਬੇਦਾਰ ਕਰਨ ਲਈ ਮੁਕੰਮਲ ਜਥੇਬੰਦੀ ਦੀ ਲੋੜ ਹੈ ਬਾਹਰ ਦੀ ਜੰਗ ਨਾਲੋਂ ਘਰੇਲੂ ਜੰਗ ਬਹੁਤ ਜ਼ਿਆਦਾ ਖਤਰਨਾਕ ਹੋਂਦੀ ਹੈ। ਨਵੇਂ ਗੁਰੂ ਡੰਮ ਬਣੌਣ ਵਾਲਿਆਂ ਨੇ ਮਨੁਖਤਾ ਵਿਚ ਮਨਮਤਿ ਦਾ ਐਸਾ ਕਾਰੀ ਅਸਰ ਕੀਤਾ ਹੋਇਆ ਹੈ ਕਿ ਸਿਖ ਪ੍ਰਵਾਰ ਨਿਰੋਲ ਸਿਖੀ ਤੋਂ ਕਿਤੇ ਦੂਰ ਖਡਾਂ ਵਿਚ ਡਿਗੇ ਪਏ ਹੌਕੇ ਭਰ ਰਹੇ ਹਨ। ਪੰਜ ਕਕਾਰੀ ਖਾਲਸੇ ਦੀ ਗੋਦ ਵਿਚੋਂ ਖਿਸਕਿਆ ਅਜ ਦਾ ਨੌਜਵਾਨ ਗਭਰੂ ਸਿਖ ਅੜੀਆਂ ਕਰ ਰਿਹਾ ਹੈ ਕਿ ਮੈਂ ਕੇਸ ਦਾੜੀ ਨਹੀਂ ਰਖਦਾ ਮੈਂ ਸਰਾਬ ਕਬਾਬ ਤੋਂ ਨਹੀਂ ਹਟਦਾ। ਕੀ ਅਜ ਸਕਿਆਂ ਵੀਰਾਂ ਵਿਚ ਘਲੂਘਾਰਾ ਮਚਨ ਦੀ ਸੰਭਾਵਨਾਂ ਨਹੀਂ। ਸਾਡੇ ਪ੍ਰਚਾਰਕ ਗਰੰਥੀ ਜਬਾਨ ਤੋਂ ਚੁਪ ਹੋ ਬੈਠੇ ਹਨ। ਸਹਜ ਪਾਠਾਂ ਤੇ ਅਖੰਡ ਪਾਠਾਂ ਪਿਛੋਂ ਸ਼ਰਾਬ ਦੇ ਦੌਰ ਸਿਖ ਸੇਵਕਾਂ ਦੇ ਘਰੀਂ ਲਗਦੇ ਦੇਖ ਪ੍ਰਿਥਵੀ ਡੋਲ ਰਹੀ ਹੈ। ਸਕੂਲਾਂ ਦੇ ਬਚੇ ਬਚੀਆਂ ਦਾ ਜੀਵਨ ਘਟੀਆ ਹੋ ਰਿਹਾ ਹੈ ਕਿਉਂਕਿ ਸਕੂਲ ਮਾਸਟਰ ਵੀ ਸ਼ਰਾਬ ਦਾ ਨਿਘ ਮਾਣ ਕੇ ਅਸਲੀ ਜੀਵਨ ਨੂੰ ਘਾਟੇ ਵਿਚ ਗੰਵਾ ਰਹੇ ਹਨ।

ਗੁਰਪੁਰਬ ਮਨਾਏ ਜਾਣ ਦਾ ਵਡਾ ਮਹਾਤਮ ਹੀ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਆਪਣਿਆਂ ਪ੍ਰਉਪਕਾਰੀ ਸਤਿਗੁਰੂਆਂ ਦੀ ਗੁਰਮਤਿ ਲੀਹਾਂ ਨੂੰ ਪਕੜੀਏ ਤਾਂ ਹੀ ਸਾਡਾ ਤੇ ਸਾਡੀਆਂ ਆਉਣ



www.AKJ.Org

ਵਾਲੀਆਂ ਨਵੀਆਂ ਰੂਹਾਂ ਦਾ ਭਲਾ ਹੋਵੇਗਾ। ਮਾਰੋ ਤਾਂ ਸਿਖ ਜਗਤ ਵਲ ਝਾਤੀ ਕਿਨੇ ਪਾੜੇ ਪੈ ਗਏ ਹਨ ਇਕ ਪਿਤਾ ਦੇ ਪੁਤਰਾਂ ਵਿਚ। ਮਾਇਆ ਮੋਹਣੀ ਨੇ ਮਿਠੀਆਂ ਛੁਰੀਆਂ ਚਲਾ ਕੇ ਸਾਡੇ ਸਿਖ ਲੀਡਰਾਂ ਨੂੰ ਮੋਹ ਲਿਆ ਤੇ ਉਨ੍ਹਾਂ ਨੂੰ ਪ੍ਰਉਪਕਾਰੀ ਖਾਲਸੇ ਦੀ ਕਿਰਤ ਕਮਾਈ ਭੁਲ ਗਈ ਤੇ ਲਗ ਪਏ ਆਪਣੀਆਂ ਝੂਠੀਆਂ ਵਡਿਆਈਆਂ ਕਰਵਾਨ ਜਿਸ ਦੇ ਸਿਟੇ ਵਜੋਂ ਨਵਿਆਂ ਦੇਹਧਾਰੀ ਗੁਰੂਆਂ ਦੀਆਂ ਗੱਦੀਆਂ ਦੀਆਂ ਲੀਹਾਂ ਅਸੀਂ ਹੋਂਦ ਵਿਚ ਅਖੀਂ ਵੇਖ ਰਹੇ ਹਾਂ। ਨਿਰਮਲੇ, ਨਿਰੰਕਾਰੀ, ਰਾਧਾ ਸਵਾਮੀ, ਨਾਮਧਾਰੀ ਤੇ ਹੋਰ ਅਨੇਕਾਂ ਗੁਰੂ ਡੰਮ ਸਹੀ ਅਰਥਾਂ ਵਿਚ ਖਾਲਸੇ ਦੀ ਅੰਮ੍ਰਿਤ ਕਲਾ 'ਚ ਮੋਟੇ ਪਾੜੇ ਹਨ। ਹੋਰ ਤਾਂ ਹੋਰ ਪੰਜ ਕੱਕਾਰੀ ਖਾਲਸੇ ਹਥੋਂ ਸਾਜੇ ਨਿਵਾਜੇ ਸਿੰਘ ਵੀਰਾਂ ਦੀ ਜੁਦਾਈ ਤਕਿਆਂ ਹਿਰਦਾ ਕੁਰਲਾ ਉਠਦਾ ਹੈ ਜਿਵੇਂ ਕਿ ਗਲਾਂ ਚੋਂ ਗਲ ਚਲ ਪੈਂਦੀ ਏ ਪਈ ਉਹ ਕਿਹੜੀ ਜਾਤ ਬਰਾਦਰੀ ਦਾ ਸਿੰਘ ਹੈ। ਗੁਰਵਾਕ ਹੈ—'ਅੰਮ੍ਰਿਤ ਏਕੋ ਸਬਦੁ ਹੈ ਨਾਨਕ ਗੁਰਮੁਖ ਪਾਇਆ' ਤਾਂ ਫਿਰ ਸਿੰਘਾਂ ਲਈ ਤਾਂ ਪਰੇਰਨਾ ਤਾਂ ਦਸਮੇਸ਼ ਪਿਤਾ ਜੀ ਦੀ ਏਹੀ ਹੈ ਅਜਾਤਿ ਹੈ ਅਜਾਦਿ ਹੈ। 'ਸਾਚਾ ਸਤਿਗੁਰ ਕਿਆ ਕਰੇ ਜਾ ਸਿਖਾ ਮਹਿ ਚੁਕ।' ਅਸੀਂ ਆਪਣੇ ਸਤਿਗੁਰਾਂ ਦੇ ਹੁਕਮਾਂ ਤੇ ਨਹੀਂ ਚਲਦੇ ਤਾਂ ਸਾਡਾ ਕਾਜ ਕਿਵੇਂ ਸੰਵਰੇ। ਸਿੰਘਾਂ ਦੇ ਆਪੋ ਵਿਚ ਖੁਲਮ ਖੁਲੇ ਰਿਸ਼ਤੇ ਨਾਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਹੋਣੇ ਚਾਹੀਦੇ ਹਨ। ਬਦੇਸ਼ੀ ਫੈਸ਼ਨ ਨੇ ਸਾਡੇ ਗਭਰੂਆਂ ਦੇ ਹਥੀਂ ਕੜੇ ਤਾਂ ਸੋਨੇ ਦੇ ਸਜਾ ਦਿਤੇ ਹਨ ਪਰ ਸਿਰ ਮੂੰਹ ਚਟਮ ਕਰ ਦਿਤੇ ਹਨ। ਮਿਸਾਲ ਦੇ ਤੌਰ ਤੇ ਅੰਗਰੇਜ਼ ਮਰਨੀ ਮਰ ਜਾਵੇਗਾ ਪਰ ਪਗੜੀ ਨਹੀਂ ਬੰਨੇਗਾ ਪਰ ਸਾਡੇ ਨੌਜਵਾਨ ਸਿਰੋਂ ਰੋਡ ਭੋਢ ਹੋ ਕੇ ਨਕਟਾਈ ਗਲ ਵਿਚ ਪਾ ਕੇ ਮਾਤਾ ਪਿਤਾ ਤੇ ਦੇਸ਼ ਕੌਮ ਤੋਂ ਅਸ਼ੀਰਵਾਦ ਦੇ ਸੁਫਨੇ ਤਕ ਰਿਹਾ ਹੈ। ਆਉਣ ਵਾਲਾ ਸਮਾ ਅਜ ਦੀ ਭੁਲੀ ਹੋਈ ਮਾਨੁਖਤਾ ਲਈ ਇਕ ਨਵਾਂ ਸੂਰਜ ਚੜ੍ਹਾਵੇਗਾ।

ਦਸਮੇਸ਼ ਪਿਤਾ ਜੀ ਦੇ ਸਾਜੇ ਨਿਵਾਜੇ ਸਿੰਘ ਵੀਰੋ ਜਥੇਬੰਦ ਹੋ ਜਾਵੋ ਆ ਜਾਵੋ ਸਾਂਝੇ ਪਲੇਟ ਫ਼ਾਰਮ ਤੇ ਆਖ ਦਿਉ ਰਲ ਕੇ ਅਸੀਂ ਪਿਤਾ ਗੁਰੂ ਗੋਬਿੰਦ ਸਿੰਘ ਦੇ ਪੁਤਰ ਹਾਂ ਸਾਡੀ ਮਾਤਾ ਸਾਹਿਬ ਕੌਰ ਹੈ ਤੇ ਸਾਡੀ ਨਗਰੀ ਪਵਿਤਰ ਅਨੰਦਪੁਰ ਹੈ। ਸਾਡਾ ਭੋਜਨ ਵੀ ਇੱਕਠਾ ਤੇ ਭਜਨ ਵੀ ਇੱਕਠਾ ਜੀਉਣਾਂ ਵੀ ਇੱਕਠਾ ਤੇ ਮਰਨਾਂ ਵੀ ਇੱਕਠਾ। ਤਕੋ ਖਾਂ ਸਰਬੰਸ ਦਾਨੀ ਦੀ ਘਾਲਣਾ ਜਿਸ ਨੇ ਦੇਸ਼ ਕੌਮ ਦੀ ਨਿਰੋਲ ਏਕਤਾ ਲਈ ਮਾਤਾ ਪਿਤਾ, ਚਾਰ ਪੁਤਰ, ਰਾਜ ਮਹੱਲ ਤੇ ਆਪਣੇ ਅਨੇਕਾਂ ਨਿਜੀ ਸੰਬੰਧੀ ਕੁਰਬਾਨ ਕੀਤੇ ਹਨ ਦੁਨੀਆਂ ਵਿਚ ਉਸ ਦੀ ਬਰਾਬਰੀ ਕਰਨੇ ਵਾਲਾ ਕਿਹੜਾ ਇਨਸਾਨ ਹੈ। ਤੁਰਕ ਔਰੰਗਾ ਜਿਸ ਨੇ ਛੋਟੇ ਭਰਾਵਾਂ ਨੂੰ ਤਸੀਹੇ ਦੇ ਕੇ ਮਾਰਿਆ ਸੀ ਤੇ ਪਿਤਾ ਸ਼ਾਹਜਹਾਨ ਨੂੰ ਕੈਦ ਕਰ ਕੇ ਅਨੇਕਾਂ ਕਸ਼ਟ ਦਿਤੇ ਸਨ ਮਨੁਖਤਾ ਨੂੰ ਕਿਵੇਂ ਪਿਆਰਾ ਹੋ ਸਕਦਾ ਸੀ। ਚੌਹਾਂ ਵਰਨਾਂ ਦਾ ਦਸਵੇਂ ਪਾਤਸ਼ਾਹ ਨੂੰ ਸੀਸ ਭੇਟਾ ਦੇਣਾ ਇਕ ਨਿਰੋਲ ਸਾਂਝੀਵਾਲਤਾ ਲਈ ਚਾਨਣ ਮੁਨਾਰਾ ਹੈ। ਇਹ ਕਰਿਸ਼ਮੇ ਹਨ ਮਾਤਾ ਗੁਜਰੀ ਦੇ ਦੂਲੇ ਸ਼ੇਰ ਦੇ ਜਿਸ ਨੇ ਨੌਂ ਬਰਸਾਂ ਵਿਚ ਆਪਣੇ ਪਿਤਾ ਨੂੰ ਧਰਮ ਯੁਧ ਤੇ ਕੁਰਬਾਨ ਕੀਤਾ। ਚਮਕੌਰ ਦੀ ਗੜ੍ਹੀ ਅਜ ਵੀ ਜੀਉਂਦੀ ਜਾਗਦੀ ਮਿਸਾਲ ਹੈ ਜਿਥੇ ਮਰਦ ਅਗੰਮੜੇ ਨੇ ਆਪਣੇ ਦੋ ਪੁਤਰਾਂ ਨੂੰ ਵੈਰੀ ਨਾਲ ਜੂਝਦੇ ਹੋਏ ਦੇਖ ਕੇ ਆਖਿਆ ਸੀ ਸ਼ਾਬਾਸ਼! ਪੁਤਰੋ ਤੁਸੀਂ ਮੇਰੀ ਅਣਖ ਨੂੰ ਸੰਭਾਲਿਆ ਤੇ ਵੈਰੀਆਂ ਨਾਲ ਪਰਖਿਆ ਹੈ। ਸਰਹੰਦ ਦੀਆਂ ਨੀਹਾਂ ਵਿਚ ਕਲਗੀਧਰ ਦੇ ਦੋ ਛੋਟੇ ਲਾਲ ਵੈਰੀਆਂ ਨੇ ਖੜੇ ਕਰਕੇ ਉਹ ਕਾਲਾ ਦਾਗ਼ ਮੱਥੇ ਤੇ ਲੁਆ ਛਡਿਆ ਹੈ ਜਿਸ ਨੂੰ ਕੋਈ ਤਾਕਤ ਨਹੀਂ ਧੋ ਸਕਦੀ। ਮਾਤਾ ਗੁਜਰੀ ਦਾ ਬੁਰਜ ਅਜ ਦੀਆਂ ਮਾਤਾਵਾਂ ਦੇ ਹਿਰਦੇ ਟੁੰਬ ਰਿਹਾ ਹੈ ਤੇ ਸੰਗਤਾਂ ਜ਼ੁਲਮੀ ਕਾਰਿਆਂ ਨੂੰ ਤੱਕ ਕੇ ਬੇਵਸ ਆਖਦੀਆਂ ਹਨ ਧੰਨ ਬਾਜਾਂਵਾਲਿਆ ਤੇਰੀਆਂ ਕਮਾਈਆਂ ਜੁਗ ਜੁਗ ਕਾਇਮ ਕਰਨ।

ਅਨੰਦਪੁਰ ਤੋਂ ਲੈ ਕੇ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਤੀਕ ਜੋ ਕਠਨ ਘੜੀਆਂ ਤੁਰਕਾਂ ਤੇ ਪਹਾੜੀ ਰਾਜਿਆਂ ਹਥੋਂ ਗੁਰੂ ਸਾਹਿਬ ਤੇ*



www.AKJ.Org

# ਸ੍ਰੀ ਬੀਬੀ ਹਰਬੰਸ ਕੌਰ

ਵਲੋਂ :
ਸਚਖੰਡਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ

ਇਹ ਹੈ ਅਸਾਡੇ ਗੁਰਪੁਰੀ ਨਿਵਾਸੀ ਧਰਮ-ਧੁਰੰਧਰੀ ਵੀਰ ਸ੍ਰੀਮਾਨ ਸਰਦਾਰ ਜੋਗਿੰਦਰ ਸਿੰਘ ਜੀ ਰਾਏ ਪੁਰੀਏ ਦੀ ਧਰਮ ਸੁਪਤਨੀ ਦਾ ਸੰਖੇਪ ਜੀਵਨ ਚਰਿਤਰ :—

ਇਹ ਬੀਬੀ ਦਾਊਦਪੁਰ ਵਿਖੇ ਇਕ ਪੁਸ਼ਤੋ ਪੁਸ਼ਤੀ ਸਿਖ ਘਰਾਣੇ ਵਿਚ ਪੈਦਾ ਹੋਈ, ਇਨ੍ਹਾਂ ਦੇ ਚਾਚਾ ਜੀ ਸ੍ਰੀਮਾਨ ਸੰਤ ਹੀਰਾ ਸਿੰਘ ਜੀ, ਜੋ ਇਸ ਜਥੇ ਦੇ ਧਰਮੱਗ ਰੁਕਨ ਰਹੇ ਹਨ, ਬੜੇ ਹੀ ਉਚ ਕਮਾਈਆਂ ਵਾਲੇ; ਗੁਰਮਤਿ ਭਗਤੀ; ਭਾਉ ਦੇ ਖਾਸ ਨਮੂਨੇ ਸਨ, ਉਨ੍ਹਾਂ ਦੇ ਹੱਥਾਂ ਵਿਚ ਹੀ ਇਹ ਹੋਣਹਾਰ ਭੁਚੰਗਣ ਜਨਮੀ, ਪਲੀ ਤੇ ਉਨ੍ਹਾਂ ਦੀ ਧਾਰਮਿਕ ਜੀਵਨੀ ਦਾ ਆਤਮ ਔਜੀ ਸਤਿਸੰਗ ਵਾਲਾ ਗੂੜ੍ਹਾ ਅਸਰ ਬਾਲਪਨ ਤੇ ਹੀ ਇਸ ਭੁਝੰਗਣ ਦੇ ਜੀਵਨ ਤੇ ਪੈਂਦਾ ਰਿਹਾ, ਭੁਝੰਗਣ ਦੇ ਜਨਮ ਲੈਣ ਸਾਰ ਹੀ ਸੰਤ ਸਰੂਪ ਇਸੇ ਭਾਈ ਹੀਰਾ ਸਿੰਘ ਜੀ ਦੇ ਮੁਖਾਰ ਬਿੰਦ ਤੇ ਸੁਤੇ ਸੁਭਾ ਹੀ ਇਹ ਬਚਨ ਸੁ ਫੁਰਨ ਹੋਇਆ:—'ਕਿ ਇਹ ਬਚੀ ਬੜੇ ਹੀ ਧਰਮੱਗ ਜੀਵਨ ਵਾਲੀ ਹੋਵੇਗੀ ਤੇ ਸਿਖੀ ਸਿਦਕ ਦਾ ਖਾਸ ਨਮੂਨਾ ਹੋਵੇਗੀ। ਜਦੋਂ ਇਹ ਭੁਝੰਗਣ ਯੁਵਕ ਅਵਸਥਾ ਨੂੰ ਪ੍ਰਾਪਤ ਹੋਈ ਤਾਂ ਸੰਤ ਭਾਈ ਹੀਰਾ ਸਿੰਘ ਜੀ ਸ਼ਫਾਇਤ ਨਾਲ ਇਸ ਭੁਝੰਗਣ ਦਾ ਅਨੰਦ ਕਾਰਜ ਪੂਰਨ ਗੁਰਮਤਿ ਅਨੁਸਾਰ ਸ੍ਰੀਮਾਨ ਭਾਈ ਜੋਗਿੰਦਰ ਸਿੰਘ ਜੀ ਨਾਲ ਹੋਇਆ, ਭਾਈ ਜੋਗਿੰਦਰ ਸਿੰਘ ਜੀ ਜਿਸ ਨਮੂਨੇ ਦੇ ਪ੍ਰੇਮ ਪੁਤਲੇ ਤੇ ਗੁਰਮਤਿ ਜੀਵਨ ਵਾਲੇ ਹੋਏ ਹਨ, ਇਹ ਸਮਾਚਾਰ ਤਾਂ ਉਨ੍ਹਾਂ ਦੇ ਜੀਵਨ ਬਿਰਤਾਂਤ ਵਿਚ ਲਿਖਿਆ ਜਾਵੇਗਾ, ਸ੍ਰੀਮਤੀ ਭੈਣ ਹਰਬੰਸ ਕੌਰ ਜੀ ਦੇ ਬੜੇ ਉੱਤਮ ਭਾਗ ਸਨ ਕਿ ਉਨ੍ਹਾਂ ਦਾ ਸੰਯੋਗ ਸ੍ਰੀਮਾਨ ਭਾਈ ਜੋਗਿੰਦਰ ਸਿੰਘ ਜੀ ਨਾਲ ਹੋਇਆ; ਗੁਰਮਤਿ ਸੰਜੋਗਤਿ ਇਸ ਦੰਪਤੀ ਦਾ ਮਾਇਆ ਕਰਕੇ ਚਾਹੇ ਬੜੀ ਹੀ ਗਰੀਬੀ ਵਾਲਾ ਹਾਲ ਸੀ; ਪ੍ਰੰਤੂ ਨਾਮ ਰੂਪੀ ਸਚੇ ਧਨ ਨਾਲ ਮਾਲਾ ਮਾਲ ਤੇ ਨਿਹਾਲੋ ਨਿਹਾਲ ਸਨ। ਪ੍ਰਮਾਣਬਕ ਹਰਿਆ ਭਰਿਆ ਜੀਵਨ ਜੈਸਾ ਕਿ ਸੁਭਾਗ ਜੋੜੀ ਨੇ ਬਤੀਤ ਕੀਤਾ ਹੈ ਉਹ ਆਪਣੀ ਨਜ਼ੀਰ ਇਕ ਆਪ ਹੀ ਸੀ। ਗੁਰੂ ਘਰ ਵਿਚ ਆਵਣ ਸਾਰ ਹੀ ਖੰਡੇ ਦਾ ਅੰਮ੍ਰਿਤ ਛਕਣ ਸਾਰ ਹੀ ਇਹਨਾਂ ਦੋਹਾਂ (ਨਾਰ ਭਤਾਰ) ਦੀ ਬ੍ਰਿਤੀ ਅਖੰਡਾਕਾਰ ਹੋ ਗਈ ਸੀ ਅਤੇ ਅਖੰਡਾਕਾਰ ਹੀ ਰਹੀ। ਨਿਰੰਕਾਰੀ ਨਾਮ ਦੀ ਪਰਾਇਣਤਾ ਤੇ ਪਰਬਲਤਾ ਤਲ ਸੰਸਾਰਾ ਕਾਰ ਬਿਰਤੀ ਸੁਰਤੀ ਇਹਨਾਂ ਨੂੰ ਕਦੇ ਉਪਜਦੀ ਹੀ ਨਹੀਂ ਸੀ। ਸ੍ਰੀ ਭੈਣ ਹਰਬੰਸ ਕੌਰ ਜੀ ਨੇ ਗੁਰਮਤਿ ਸੰਜੋਗੀ ਜੀਵਨ ਧਾਰਨ ਕਰਨ ਸਾਰ ਹੀ ਹਰ ਪ੍ਰਕਾਰ ਘਰੋਗੀ ਪ੍ਰਬੰਧ ਨੂੰ ਐਸਾ ਸੰਭਾਲਿਆ ਕਿ ਦਿਨਾਂ ਵਿਚ ਹੀ ਨੌਨਿਧਾਂ, ਬਾਰਾਂ ਸਿਧਾਂ ਹੋ ਗਈਆਂ। ਸਕੀਮੀ ਅਤੇ ਗਰੀਬੀ ਪਲਟ ਕੇ ਰਾਜ ਭਾਗ ਦੀ ਲਹਿਰ ਬਹਿਰ ਵਰਤ ਗਈ, ਦਿਨਾਂ ਵਿਚ ਹੀ ਇਹਨਾਂ ਦੇ ਪਤੀ ਜੋਗਿੰਦਰ ਸਿੰਘ ਜੀ ਪਟਿਆਲੇ ਰਿਆਸਤ ਵਿਚ ਬੜੀਆਂ ਬੜੀਆਂ ਖੂਬੀਆਂ ਦੇ ਮਮਤਾਜ਼ ਰਹੇ।

*ਗੁਜਰੀਆਂ ਇਕ ਮਹਾਨ ਇਤਿਹਾਸ ਦਾ ਮੁਕੰਮਲ ਕਾਂਡ ਹੈ। ਸਰਬੰਸਦਾਨੀ ਨੇ ਸਰਬੰਸ ਤੇ ਆਪਾ ਵਾਰ ਕੇ ਖਾਲਸੇ ਨੂੰ ਸਦੀਵੀ ਰਾਜ ਸੌਂਪ ਦਿਤਾ ਤੇ ਆਪੇ ਗੁਰੂ ਚੇਲਾ ਅਖਵਾ ਕੇ ਹੋਰ ਗੁਰੂ ਡੰਮ ਸਦਾ ਲਈ ਖਤਮ ਕਰ ਦਿਤੇ। 'ਵਾਹ ਵਾਹ ਬਾਣੀ ਨਿਰੰਕਾਰ ਹੈ ਤਿਸ ਜੇਵਡ ਅਵਰ ਨਾ ਕੋਇ' ਸਾਰੀ ਦੁਨੀਆਂ ਲਈ ਇਕ ਸਾਂਝਾ ਆਦਰਸ਼ ਹੈ। ਗੁਰੂ ਸਵਾਰੇ ਸਿੰਘੋ ਪਹਿਲੇ ਆਪ ਸਾਰੇ ਜਥੇਬੰਦ ਹੋਵੋ ਦੂਸਰੀ ਜਨਤਾ ਖੁਦ ਹੀ ਤੁਹਾਡਾ ਸਾਥ ਦੇਵੇਗੀ। ਗਰੀਬ ਜਨਤਾ ਨੂੰ ਗੁਰਬਾਣੀ ਦੇ ਕੀਰਤਨ ਨਾਲ ਗੁਰਮਤਿ ਵਲ ਪਰੇਰੋ ਮਜ਼ਲੂਮਾਂ ਦੀ ਰਖਿਆ ਕਰਨੀ ਹੀ ਖਾਲਸੇ ਦਾ ਧਰਮ ਹੈ।



www.AKJ.Org

ਮਾਇਕ ਗਰੀਬੀ ਭਾਵੇਂ ਦੂਰ ਹੋ ਗਈ ਸੀ ਪਰੰਤੂ ਦਿਲ ਦੀ ਗਰੀਬੀ 'ਗੁਰਮਤਿ ਰਹੈ ਗਰੀਬੀ ਆਵੈ' ਦੇ ਮਹਾਂਵਾਕ ਅਨੁਸਾਰ ਐਸ੍ਵਰਜ ਦੇ ਹੁੰਦਿਆਂ ਭੀ ਸਦਾ ਕਾਇਮ ਰਹੀ। ਸ੍ਰੀ ਭੈਣ ਹਰਬੰਸ ਕੌਰ ਜੀ ਰਹਿਤ ਬਹਿਤ ਗੁਰਸਿਖੀ ਵਾਲੀ ਰਹਿਣੀ ਬਹਿਣੀ ਕਹਿਣੀ ਦੇ ਖਾਸ ਨਮੂਨੇ ਸਨ। ਸੀਸ ਉਤੇ ਸੁਰਮਈ ਰੰਗ ਦੀ ਦਸਤਾਰ ਸਜਾਣ ਦਾ ਭਰੋਸਾ ਭਰਿਆ ਸਿਦਕ ਨਮੂਨਾ ਸਾਰੀਆਂ ਸੰਗਤਾਂ ਵਿਚ ਉਹਨਾਂ ਦਾ ਪ੍ਰਸਿਧ ਸੀ। ਸਰੀਰਕ ਡੌਲ ਰਿਸ਼ਟ ਪੁਸ਼ਟ ਸਿੰਘਣੀਆਂ ਵਾਲੀ ਸੀ, ਸੀਸ ਸ਼ੋਭ ਸਜੀ ਦਸਤਾਰ ਨਾਲ ਉਹਨਾਂ ਦਾ ਖਾਲਸਈ ਰੋਹਬ ਵਾਲਾ ਚੇਹਰਾ ਉਚ ਧਰਮਗਤਾ ਦਾ ਨਜ਼ਾਰਾ ਪੇਸ਼ ਕਰਦਾ ਸੀ।

ਘਰ ਬਾਹਰ ਦਾ ਸਾਰਾ ਕਾਰਜ ਆਪ ਨਿਬਾਹੁਣਾ ਅਤੇ ਆਪਣੀ ਨਿਗਰਾਨੀ 'ਚ ਨਜਿਠਣਾ, ਹਰ ਛਿਨ ਨਾਮ ਬਾਣੀ ਦੀ ਧੁਨੀ ਕੰਮ ਕ੍ਰਾਜ ਕਰਦਿਆਂ, ਤੁਰਦਿਆਂ ਫਿਰਦਿਆਂ ਸੁਤੇ ਹੀ ਮੁਖੋਂ ਧੁਨਿਅਤ ਹੁੰਦੀ ਰਹਿਣੀ। ਗੁਰਮਤਿ ਰਹਿਣੀ ਬਹਿਣੀ ਦਾ ਇਤਨਾ ਪ੍ਰਬਲ ਸਿਦਕ-ਭਰੋਸਾ ਗੁਰੂ ਘਰ ਦੀ ਕਿਸੇ ਹੋਰ ਬੀਬੀ ਭੈਣ ਪੁਰ ਅਸੀਂ ਨਹੀਂ ਵੇਖਿਆ। ਹਮੇਸ਼ਾਂ ਸੁਕੇਸੀਂ ਇਸ਼ਨਾਨ ਕਰਦੇ ਹੁੰਦੇ ਸਨ, ਇਸ਼ਨਾਨ ਦਾ ਨਿਯਮ ਤਾਂ ਉਹਨਾਂ ਨੇ ਪ੍ਰਸੂਤ ਸਮੇਂ (ਸੰਤਾਨ ਉਤਪਤੀ ਸਮੇਂ) ਵੀ ਨਹੀਂ ਛਡਿਆ। ਬੱਚਾ ਬੱਚੀ ਪੈਦਾ ਹੋਣ ਸਾਰ ਹੀ ਉਸੇ ਦਿਨ ਇਸ਼ਨਾਨ ਕਰ ਲੈਣਾ। ਡਾਕਟਰ ਆਦਿਕ ਚਾਹੇ ਕਿਤਨਾ ਹੀ ਕਹਿਣ ਉਹਨਾਂ ਨੇ ਕਦੇ ਆਪਣਾ ਨਿਯਮ ਨਿਬਾਹੁਣ ਤੋਂ ਨਾ ਟਲਣਾ। ਇਸ ਸਿਦਕ ਭਰੋਸੇ ਦਾ ਇਹ ਪ੍ਰਤਾਪ ਸੀ ਕਿ ਉਹਨਾਂ ਦੀ ਸਿਹਤ ਨੂੰ ਕਦੇ ਵੀ ਤੱਤੀ ਵਾਉ ਦਾ ਝੋਲਾ ਝਮਕਾ ਨਹੀਂ ਵਜਿਆ। ਸੰਗਤਾਂ ਦੀ ਸੇਵਾ ਦਾ ਚਾਉ ਪਹਲੇ ਦਰਜੇ ਦਾ ਸੀ, ਲੰਗਰ ਹਰ ਵਕਤ ਚਲਦਾ ਰਹਿੰਦਾ ਸੀ। ਆਪਣੇ ਹੱਥੀਂ ਲੰਗਰ ਸਜਾਣਾ, ਵਰਤਾਉਣਾ, ਸਾਰੇ ਪ੍ਰਵਾਰ ਨੂੰ ਵੀ ਸਰਚਾਉਣਾ, ਆਈਆਂ ਸੰਗਤਾਂ ਨੂੰ ਭੁੰਚਾਇਕੇ ਸੰਤੁਸ਼ਟ ਕਰ ਦੇਣਾ, ਉਸ ਮੁਬਾਰਕ ਹਥੋਂ ਵਰਤੇ ਵਰਤਾਏ ਭਾਂਡੇ ਵਿਚ ਕਦੇ ਤੋਟ ਨਹੀਂ ਆਉਂਦੀ ਸੀ। ਭਜਨ ਅਤੇ ਭਜਨੀਕ ਸਿੰਘ ਦੀਆਂ ਰਮਜ਼ਾਂ ਪਛਾਨਣ ਵਿਚ ਬੜੇ ਹੀ ਪ੍ਰਬੀਨ ਸਨ। ਇਕ ਵਾਰ ਦਾ ਜ਼ਿਕਰ ਹੈ ਕਿ ਸਹਿਜ ਜੋਗੀ ਅਵਧੂਤ ਬਿਰਤੀਸ਼ਰ ਗੁਰਮੁਖ ਪਿਆਰੇ ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ ਨੂੰ ਆਪਣੇ ਹਥੀਂ ਸਜਾਇਆ ਅੰਮ੍ਰਿਤ ਦਾ ਭੋਜਨ ਭੁੰਚਾ ਰਹੇ ਸਨ ਕਿ ਭੋਜਨ ਛਕਦੇ ਛਕਦੇ ਸ੍ਰੀ ਭਾਈ ਆਤਮਾ ਸਿੰਘ ਜੀ ਦੀ ਸੁਰਤੀ ਐਸੀ ਟਿਕੀ ਕਿ ਉਹ ਭੋਜਨ ਭੁੰਚਣਾ ਹੀ ਭੁਲ ਗਏ। ਮੁਖ ਵਿਚ ਗਰਾਹੀ ਪਾਉਣ ਹੀ ਨਾ ਅਤੇ ਐਵੇਂ ਮਚਾਕੇ ਮਾਰੀ ਜਾਣ। ਅੱਖੀਆਂ ਟਟਾਰੇ ਲਗੀਆਂ ਹੋਈਆਂ, ਚਿਹਰੇ ਤੇ ਨੂਰ ਦਾ ਖਿੜਾਓ ਛਾਇਆ ਹੋਇਆ, ਪਾਸ ਬੈਠੇ ਭਾਈ ਜੋਗਿੰਦਰ ਸਿੰਘ ਜੀ ਨੇ ਹੈਰਾਨ ਹੋ ਕੇ ਸ੍ਰੀ ਭੈਣ ਹਰਬੰਸ ਕੌਰ ਜੀ ਨਿਜ ਸੁਪਤਨੀ ਤੋਂ ਪੁਛਿਆ ਕਿ ਇਹ ਗੁਰਮੁਖ ਪਿਆਰੇ ਕੀ ਕੌਤਕ ਵਰਤਾ ਰਹੇ ਹਨ ਕਿ ਮੁਖ ਵਿਚ ਪ੍ਰਸ਼ਾਦਿ ਪਾਉਂਦੇ ਹੀ ਨਹੀਂ, ਪਰੰਤੂ ਐਸਾ ਪ੍ਰਤੀਤ ਹੁੰਦਾ ਹੈ ਕਿ ਅਜ਼ਗੈਬੀ ਛਾਂਦਾ ਭੁੰਚ ਰਹੇ ਹਨ। ਸ੍ਰੀ ਭੈਣ ਹਰਬੰਸ ਕੌਰ ਨੇ ਉਤਰ ਵਿਚ ਆਖਿਆ, ਕਿ ਹੈਰਾਨੀ ਵਾਲੀ ਕਿਹੜੀ ਗਲ ਹੈ, ਨਾਰੰਗਵਾਲ ਬੈਠੇ ਭਾਈ ਰਣਧੀਰ ਸਿੰਘ ਜੀ ਇਹਨਾਂ ਨੂੰ ਗੱਫੇ ਛਕਾ ਰਹੇ ਹਨ। ਇਹ ਬਚਨ ਸੁਣ ਕੇ ਭਾਈ ਜੋਗਿੰਦਰ ਸਿੰਘ ਜੀ ਨੇ ਉਹ ਵੇਲਾ ਨੋਟ ਕਰ ਲਿਆ, ਐਨ ਉਸੇ ਸਮੇਂ ਇਧਰ ਨਾਰੰਗਵਾਲ ਇਹ ਵਰਤਾਰਾ ਵਰਤਿਆ ਕਿ ਸਾਡੀ ਸਾਥਣ ਸ੍ਰੀਮਤੀ ਕਰਤਾਰ ਕੌਰ ਜੀ ਨੇ ਪ੍ਰੇਮ ਭੋਜਨ ਪ੍ਰਸ਼ਾਦ ਸਾਡੇ ਛਕਣ ਲਈ ਅਗੇ ਰਖਿਆ। ਮੈਂਡੇ ਮੁਖ ਵਿਖੇ ਇਕ ਦੋ ਗਰਾਹੀਆਂ ਹੀ ਗਈਆਂ ਹੋਣਗੀਆਂ ਕਿ ਨਿਜ ਛਕਣੋਂ ਛਕਾਈ ਵਲੋਂ ਤਾਂ ਮੁਖ ਮੁੜ ਗਿਆ, ਹਥ ਹਿਲਾਈ ਅਜੇ ਹੋਈ ਜਾਵੇ। ਇਹ ਕੌਤਕ ਵੇਖ ਕੇ ਮੈਂਡੀ ਮਾਈ (ਜੋ ਪਾਸ ਬੈਠੀ ਸੀ) ਕਰਤਾਰ ਕੌਰ ਜੀ ਤੋਂ ਪੁਛਣ ਲਗੀ; ਕਿ ਕੀ ਵਰਤਾਰਾ ਵਰਤ ਰਿਹਾ ਹੈ, ਮੇਰੀ ਸਮਝ ਵਿਚ ਨਹੀਂ ਆਉਂਦਾ। ਸ੍ਰੀ ਭੈਣ ਹਰਬੰਸ ਕੌਰ ਸਮਾਨ ਗੋਝ-ਰਮਜ਼ਾਂ ਬੁਝਣ ਹਾਰੀ ਸ੍ਰੀਮਤੀ ਕਰਤਾਰ ਕੌਰ ਜੀ ਨੇ ਤਤਕਾਲ ਹੀ ਉਤਰ ਦੇ ਕੇ ਮਾਈ ਜੀ ਦੀ ਨਿਸ਼ਾ ਕਰ ਦਿਤੀ, 'ਕਿ ਹੈਰਾਨੀ ਵਾਲੀ ਕਾਹਦੀ ਗੱਲ ਹੈ, ਇਹ ਤਾਂ



www.AKJ.Org

ਇਸ ਸਮੇਂ ਆਪਣੇ ਸਰਬਲੋਹੀ ਬਾਟੇ ਦੇ ਸਾਂਝੀਵਾਲ ਭਾਈ ਆਤਮਾ ਸਿੰਘ ਜੀ ਨੂੰ ਜੋ ਪਟਿਆਲੇ ਵਿਖੇ ਸ: ਜੋਗਿੰਦਰ ਸਿੰਘ ਦੇ ਘਰ ਭੈਣ ਹਰਬੰਸ ਕੌਰ ਜੀ ਪਾਸ ਬੈਠੇ ਹਨ, ਗਫੇ ਛਕਾ ਰਹੇ ਹਨ।' ਸਾਡੀ ਅੱਖ ਉਘੜੀ ਤੇ ਅਸੀਂ ਵੀ ਟਾਈਮ ਨੋਟ ਕਰ ਲਿਆ। ਕੁਛ ਦਿਨ ਪਿਛੋਂ ਸ੍ਰੀ ਭੈਣ ਹਰਬੰਸ ਕੌਰ ਜੀ, ਸੰਤ ਹੀਰਾ ਸਿੰਘ ਜੀ, ਪ੍ਰੇਮ ਪਿਆਰੇ ਅਵਧੂਤ ਰਿਸ਼ੀ ਭਾਈ ਆਤਮਾ ਸਿੰਘ ਜੀ ਸਣੇ ਭਾਈ ਜੋਗਿੰਦਰ ਸਿੰਘ ਜੀ ਦੇ ਨਾਰੰਗਵਾਲ ਆ ਦਰਸ਼ਨ-ਪਜ਼ੀਰ ਹੋਏ, ਦੋਹਾਂ ਪਾਸਿਆਂ ਦੀਆਂ ਰਮਜ਼ਨੀ ਬੁਝਾਰਤਾਂ ਮਿਲਾਈਆਂ ਤਾਂ ਮਿਲ ਗਈਆਂ।

ਸ੍ਰੀ ਬੀਬੀ ਹਰਬੰਸ ਕੌਰ ਜੀ ਐਸੀ ਮਹੱਤਤਾ ਵਾਲੀ ਜਬਰ ਜੰਗ ਸਿੰਘਣੀ ਹੋ ਗੁਜ਼ਰੀ ਹੈ ਕਿ ਉਨ੍ਹਾਂ ਦੇ ਧਾਰਮਕ ਰੋਹਬ ਦਾਬ ਦਾ ਸਿੱਕਾ ਪਟਿਆਲਾ ਨਿਵਾਸੀ ਸੰਮੂਹ ਅਹਿਲਕਾਰਨੀ ਸਰਦਾਰਨੀਆਂ ਦੇ ਉਪਰ ਬੜੀ ਪ੍ਰਭਤਾ ਨਾਲ ਬੈਠਾ ਹੋਇਆ ਸੀ, ਵਜ਼ੀਰਾਂ ਕਬੀਰਾਂ ਦੀਆਂ ਵਜ਼ੀਰਨੀਆਂ ਤੇ ਰਾਜ ਮਹੱਲਾਂ ਦੀਆਂ ਰਾਣੀਆਂ ਸਭ ਇਨ੍ਹਾਂ ਤੋਂ (ਸ੍ਰੀ ਬੀਬੀ ਹਰਬੰਸ ਕੌਰ ਜੀ ਤੋਂ) ਕਾਂਪ ਖਾਂਦੀਆਂ ਸਨ। ਹੋਰ ਸਭ ਸਰਦਾਰਨੀਆਂ ਨੂੰ ਮਹਿਲਾਂ ਵਿਚ ਬੁਲਾ ਲੈਂਦੀਆਂ ਸਨ, ਪਰੰਤੂ ਸ੍ਰੀ ਬੀਬੀ ਹਰਬੰਸ ਕੌਰ ਜੀ ਨੂੰ ਸੱਦਾ ਭੇਜਣ ਦੀ ਵੀ ਕਿਸੇ ਨੂੰ ਜੁਰਤ ਨਹੀਂ ਪੈਂਦੀ ਸੀ। ਪਤੀ ਬਰਤ ਧਰਮ ਨੂੰ ਨਿਬਾਹੁਣ ਵਿਚ ਇਹ ਭੈਣ ਹਰਬੰਸ ਕੌਰ ਲਾਸਾਨੀ ਹੈ। ਸ੍ਰੀ ਭਾਈ ਜੋਗਿੰਦਰ ਸਿੰਘ ਜੀ ਉਸ ਸਮੇਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ। ਜਦੋਂ ਉਹ ਗਏ ਗੌਰਮਿੰਟ ਗੋਰਾ-ਸ਼ਾਹੀ ਦੇ ਬਰਖਿਲਾਫ ਅਕਾਲੀ-ਪੰਥ ਦੀ ਐਜੀਟੇਸ਼ਨ ਬੜੇ ਜ਼ੋਰਾਂ ਤੇ ਸੀ। ਸ਼੍ਰੋਮਣੀ ਕਮੇਟੀ ਦੇ ਲਗ ਪਗ ਸਾਰੇ ਹੀ ਮੈਂਬਰਾਂ ਨੂੰ ਇਸ ਐਜੀਟੇਸ਼ਨ ਵਿਚ ਜੇਲ੍ਹਾਂ ਅੰਦਰ ਜਾਣਾ ਪਿਆ। ਉਹਨੀਂ ਦਿਨੀਂ ਸਰਦਾਰ ਜੋਗਿੰਦਰ ਸਿੰਘ ਜੀ ਦੀ ਸਰੀਰਕ ਸਿਹਤ ਬਹੁਤ ਕਮਜ਼ੋਰ ਸੀ। ਪਰੰਤੂ ਸ੍ਰੀ ਭੈਣ ਹਰਬੰਸ ਕੌਰ ਜੀ ਨੇ ਉਹਨਾਂ ਨੂੰ ਉਭਾਰਿਆ ਅਤੇ ਅਨਿੰਨ-ਪਤਨੀਆਂ ਵਾਲੀ ਹੱਲਾ-ਸ਼ੇਰੀ ਦੇ ਕੇ ਆਪਣੇ ਹੱਥੀਂ ਜੇਲ੍ਹ ਨੂੰ ਤੋਰਿਆ। ਤੋਰਨ ਲਗਿਆਂ ਸੁਤੇ-ਸੁਭਾਵ ਹੀ ਭੈਣ ਹਰਬੰਸ ਕੌਰ ਜੀ ਦੇ ਨੇਤ੍ਰਾਂ ਵਿਚੋਂ ਹੰਝੂ ਵਹਿ ਤੁਰੇ। ਸ੍ਰੀ ਭਾਈ ਸ: ਜੋਗਿੰਦਰ ਸਿੰਘ ਜੀ ਨੇ ਇਹ ਦ੍ਰਿਸ਼ ਵੇਖ ਕੇ ਬੜੀ ਹੈਰਾਨਗੀ ਨਾਲ ਪੁਛਿਆ ਕਿ ਡੋਲਣ ਦਾ ਕੀ ਕਾਰਨ ਹੈ? ਏਨੀ ਬਹਾਦਰੀ ਦਿਖਾ ਕੇ ਹੁਣ ਕਿਉਂ ਦ੍ਰਵੀ ਭੂਤ ਹੋ ਰਹੇ ਹੋ? ਸ੍ਰੀ ਭੈਣ ਹਰਬੰਸ ਕੌਰ ਜੀ ਨੇ ਹੱਸ ਕੇ ਉਤਰ ਦਿਤਾ ਕਿ ਬਹੁਤ ਛੇਤੀ ਮੇਲੇ ਹੋਣ ਦੀ ਕੋਈ ਸੰਭਾਵਨਾ ਨਹੀਂ। ਲੰਮੇ ਵਿਛੋੜੇ ਪੈਂਦੇ ਦਿਸਦੇ ਹਨ। ਸਰਦਾਰ ਜੋਗਿੰਦਰ ਸਿੰਘ ਜੀ ਨੇ ਬੜੀ ਦ੍ਰਿੜਤਾ ਨਾਲ ਉਤਰ ਦਿਤਾ ਕਿ ਸਾਡੀ ਸਿਹਤ ਬੜੀ ਰਿਸ਼ਟ ਪੁਸ਼ਟ ਹੈ। ਤੁਹਾਡੀਆਂ ਅਸੀਸਾਂ ਨਾਲ ਤਕੜੀ ਹੋ ਗਈ ਹੈ, ਤੁਸੀਂ ਸਾਡਾ ਕੀ ਫ਼ਿਕਰ ਕਰਦੇ ਹੋ? ਅਸਲ ਵਿਚ ਸ੍ਰੀ ਭੈਣ ਹਰਬੰਸ ਕੌਰ ਜੀ ਨੂੰ ਆਪਣੇ ਅਕਾਲ ਚਲਾਣੇ ਦਾ ਭਵਿਖਤ ਚਮਤਕਾਰ ਦਿਸਿਆ ਸੀ। ਚਾਹੇ ਉਹਨਾਂ ਨੇ ਉਹਨਾਂ ਨੂੰ ਕਹਿ ਕੇ ਨਹੀਂ ਸੁਣਾਇਆ। ਪਰ ਜਦੋਂ ਸ: ਜੋਗਿੰਦਰ ਸਿੰਘ ਜੀ ਜੇਲ ਤੋਂ ਰਿਹਾ ਹੋ ਕੇ ਵਾਪਸ ਆਏ, ਤਾਂ ਭੈਣ ਸ੍ਰੀ ਹਰਬੰਸ ਕੌਰ ਜੀ ਪਿਆਨੇ ਕਰ ਚੁਕੇ ਸਨ। ਸ: ਜੋਗਿੰਦਰ ਸਿੰਘ ਜੀ ਨੂੰ ਆਪਣੀ ਅਨਿੰਨ ਪਤੀਬ੍ਰਤਾ ਪਤਨੀ ਦੇ ਵਿਛੋੜੇ ਦਾ ਸਦਮਾ ਬੜਾ ਅਸਿਹ ਹੋਕੇ ਗੁਜ਼ਰਿਆ। ਜਿਸ ਨੇ ਸ੍ਰੀ ਭਾਈ ਜੋਗਿੰਦਰ ਸਿੰਘ ਜੀ ਦੀ ਸਿਹਤ ਤੇ ਬੜਾ ਡੂੰਘਾ ਅਸਰ ਕੀਤਾ। ਤਦ ਪਸ਼ਚਾਤ ਉਹ ਜਿਨਾਂ ਚਿਰ ਜੀਂਵਦੇ ਰਹੇ, ਸਰੀਰਕ ਸਿਹਤ ਕਰਕੇ ਘਟਦੇ ਹੀ ਗਏ। ਸਿਖੀ ਸਿਦਕ ਦੀ ਪੁਤਲੀ ਸ੍ਰੀ ਹਰਬੰਸ ਕੌਰ ਤਾਂ ਪੂਰੀ ਹੋ ਗਈ, ਪਰ ਗੁਰਮੁਖ ਪਰਵਾਰ ਦੇ ਸਾਰੇ ਕਾਰੋਬਰ ਅਧੂਰੇ ਰਹਿ ਗਏ। ਭਾਣਾ ਮਿੱਠਾ ਕਰ ਮੰਨਣ ਦੀ ਸ਼ਕਤੀ ਜੈਸੀ ਗੁਰੂ ਮੇਹਰਬਾਨ ਨੇ ਸ੍ਰੀ ਭਾਈ ਜੋਗਿੰਦਰ ਸਿੰਘ ਜੀ ਨੂੰ ਬਖਸ਼ੀ ਹੋਈ ਸੀ, ਉਹ ਵਿਰਲਿਆਂ ਹੀ ਸਿਖਾਂ ਦੇ ਨਸੀਬਾਂ ਵਿਚ ਆਈ ਹੈ।

---

## 'ਸੂਰਾ' ਸਟਾਫ਼ ਵਲੋਂ ਸੰਮੂਹ ਖਾਲਸਾ ਪੰਥ ਨੂੰ ਦਸਮੇਸ਼ ਆਗਮਨ ਦੀ ਵਧਾਈ !



www.AKJ.Org

## ਨੀਂਹ ਪੱਥਰ

ਸਿੰਘਾਂ ਦੀ ਨਵੀਂ ਬਸਤੀ ਸਰਹੰਦ ਰੋਡ ਪਟਿਆਲਾ ਵਿਖੇ ਸ੍ਰੀ ਗੁਰਦੁਵਾਰਾ ਸਾਹਿਬ ਦਾ ਨੀਂਹ ਪੱਥਰ, ਸਤਿਕਾਰਯੋਗ ਪੰਜ ਪਿਆਰੇ 27.2.71 ਨੂੰ ਸਵੇਰ ਦੇ ਕੀਰਤਨ ਤੋਂ ਉਪਰੰਤ ਰਖਣਗੇ।

ਆਪ ਜੀ ਦੀ ਸੇਵਾ ਵਿਖੇ ਬੇਨਤੀ ਹੈ ਕਿ ਇਸ ਸ਼ੁਭ ਸਮਾਗਮ ਤੇ ਦਰਸ਼ਨ ਦੇ ਕੇ ਧਨਵਾਦੀ ਬਨਾਓ ਜੀ।

੧. ਸ੍ਰੀ ਗੁਰਦੁਵਾਰਾ ਸਾਹਿਬ ਦੀ ਬਿਲਡਿੰਗ ਅਤੇ ਪ੍ਰਬੰਧ ਆਦਿ ਲਈ ਇਕ ਕਮੇਟੀ ਹੋਣੀ ਜ਼ਰੂਰੀ ਹੈ। ਜਿਸ ਦੀ ਸਥਾਪਨਾ ਭੀ ਇਸੇ ਸ਼ੁਭ ਦਿਹਾੜੇ ਕੀਤੀ ਜਾਵੇਗੀ।

੨. ਕਾਲੋਨੀ ਦੀ ਉਸਾਰੀ ਅਤੇ ਟਾਊਨ ਪਲੈਨਿੰਗ ਮਹਿਕਮੇ ਤੋਂ ਮਨਜ਼ੂਰੀ ਆਦਿ ਲਈ ਭੀ ਵਿਚਾਰਾਂ ਹੋਣਗੀਆਂ ਤੇ ਪਿਛਲਾ ਹਿਸਾਬ ਕਿਤਾਬ ਪੜਤਾਲਿਆ ਜਾਵੇਗਾ।

ਸਾਰੇ ਪਲਾਟ ਹੋਲਡਰਾਂ ਦੀ ਹਾਜ਼ਰੀ ਲਾਜ਼ਮੀ ਹੈ। ਸੋ ਦੋਬਾਰਾ ਬਿਨੈ ਹੈ ਕਿ ਇਸ ਅਵਸਰ ਤੇ ਦਰਸ਼ਨ ਦਿਓ ਅਤੇ ਆਪਣੀਆਂ ਸ਼ੁਭ ਰਾਵਾਂ ਰਾਹੀਂ ਕ੍ਰਿਤਾਰਥ ਕਰੋ ਜੀ।

ਦਾਸਰੇ—ਮਹਿੰਦਰ ਸਿੰਘ
ਸਰਦਾਰ ਸਿੰਘ Rtd. S.D.O.

---

## ਭੁਲ ਦੀ ਸੋਧ

ਗੁਰ ਸੰਗਤਾਂ ਅਥਵਾ 'ਸੂਰਾ' ਦੇ ਪਾਠਕਾਂ ਪ੍ਰਤੀ ਬੇਨਤੀ ਕੀਤੀ ਜਾਂਦੀ ਹੈ ਕਿ ਪਿਛਲੇਰੇ 20 ਦਸੰਬਰ ਵਾਲੇ ਪਰਚੇ ਵਿਚ ਸ੍ਰੀ ਤਰਨਤਾਰਨ ਵਿਖੇ ਸ੍ਰੀਮਤੀ ਨਿਹਾਲ ਕੌਰ ਸੁਪਤਨੀ ਸ੍ਰੀਮਾਨ ਬਾਬੂ ਮੱਲ ਸਿੰਘ ਜੀ ਦੀ ਪੰਜਵੀਂ ਬਰਸੀ ਦੇ ਸਮਾਗਮ ਸਮੇਂ ਧਰਮ ਕਾਰਜਾਂ ਲਈ ਕਢੀ ਮਾਇਆ ਵਿਚੋਂ 'ਸੂਰਾ' ਨੂੰ 40 ਰੁਪਏ ਸਹਾਇਤਾ ਭੇਜੀ ਗਈ, ਜੋ ਕਿ ਗਲਤੀ ਨਾਲ ਢਾਈ ਰੁਪਏ ਛਪ ਗਈ ਹੈ। ਗਲਤੀ ਲਈ ਖਿਮਾਂ।

ਦਾਸ—ਮੈਨੇਜਰ 'ਸੂਰਾ'

## ਕੀਰਤਨ ਸਮਾਗਮ ਬਠਿੰਡਾ

ਸਰਬੱਤ ਸੰਗਤਾਂ ਨੂੰ ਜੋਦੜੀ ਕੀਤੀ ਜਾਂਦੀ ਹੈ ਕਿ 23-24 ਜਨਵਰੀ ਨੂੰ ਬਠਿੰਡਾ ਸ਼ਹਿਰ ਵਿਖੇ ਭਾਰੀ ਕੀਰਤਨ ਸਮਾਗਮ ਰਖਿਆ ਗਿਆ ਹੈ। ਇਸ ਸਮਾਗਮ ਵਿਚ ਪੁਜਣ ਲਈ ਅਖੰਡ ਕੀਰਤਨੀ ਜੱਥਾ ਪਟਿਆਲਾ ਤੋਂ ਪ੍ਰਵਾਨਗੀ ਮਿਲ ਚੁਕੀ ਹੈ ਪੂਰਾ ਵੇਰਵੇ ਸਹਿਤ ਪ੍ਰੋਗਰਾਮ ਅਗਲੇ 'ਸੂਰਾ' ਵਿਚ ਦਿਤਾ ਜਾਵੇਗਾ। ਸਰਬੱਤ ਸੰਗਤਾਂ ਇਸ ਸਮਾਗਮ ਵਿਚ ਦਰਸ਼ਨ ਬਖਸ਼ ਕੇ ਧੰਨਵਾਦੀ ਬਣਾਉਣਾ।

ਦਾਸਰੇ—ਸੰਗਤ ਬਠਿੰਡਾ

ਪੁਛ ਗਿਛ ਲਈ—
ਭਾਈ ਦਲੀਪ ਸਿੰਘ
ਮਾਰਫਤ ਪ੍ਰੇਮ ਰੋਲਿੰਗ ਸ਼ਟੱਰ ਇੰਡਸਟਰੀ
ਜੇਲ੍ਹ ਰੋਡ, ਬਠਿੰਡਾ

## ਜੋਦੜੀ

ਸਤਿਕਾਰ ਯੋਗ ਗੁਰ ਸੰਗਤ ਜੀਓ,

ਨਿਮਰਤਾ ਸਹਿਤ ਜੋਦੜੀ ਹੈ ਕਿ ਦਾਸ ਦੇ ਗ੍ਰਹਿ ਵਿਖੇ ਪੂਜਯ ਮਾਤਾ ਪਿਤਾ ਜੀ ਦੀ ਸਾਲਾਨਾ ਯਾਦ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਮਿਤੀ 7-1-71 ਨੂੰ ਸਵੇਰੇ 6 ਵਜੇ ਆਰੰਭ ਹੋਵੇਗਾ ਜਿਸ ਦੀ ਸਮਾਪਤੀ 9-1-71 ਸ਼ਨੀਚਰਵਾਰ 6 ਵਜੇ ਹੋਵੇਗੀ। ਉਸ ਤੋਂ ਉਪਰੰਤ ਦਿਨ ਸੁਹੇਲਾ ਕੀਰਤਨ 12 ਵਜੇ ਤਕ। 8 ਵਜੇ ਰਾਤ ਨੂੰ ਕੀਰਤਨ ਰੈਣ ਸਬਾਈ ਆਰੰਭ ਹੋ ਕੇ ਜਿਸ ਦੀ ਸਮਾਪਤੀ ਐਤਵਾਰ 10-1-71 ਨੂੰ ਸਵੇਰੇ 7 ਵਜੇ ਹੋਵੇਗੀ ਕ੍ਰਿਪਾ ਕਰਕੇ ਸਹਿਤ ਪ੍ਰਵਾਰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਗੁਰ ਸੰਗਤ ਦਾ ਦਾਸਰਾ
ਮਨੋਹਰ ਸਿੰਘ
145/2 ਮਹੱਲਾ ਲਾਲ ਬਾਗ
ਪਟਿਆਲਾ।



www.AKJ.Org

# ਬਾਰਾਮਾਹ ਤੁਖਾਰੀ

ਵਲੋਂ :
ਗਿ: ਕਰਮ ਸਿੰਘ ਜੀ 'ਭੰਡਾਰੀ' ਬਰਨਾਲਾ

'ਬਾਰਾਮਾਹ' ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪ੍ਰਮੁਖ ਤੇ ਸਰਵ ਸ੍ਰੇਸ਼ਟ ਰਚਨਾਵਾਂ ਵਿਚੋਂ ਇਕ ਹੈ। ਇਸ ਅੰਦਰ ਗੁਰੂ ਜੀ ਨੇ ਕਾਦਰ ਕਰੀਮ ਦੀ ਬਣਾਈ ਪ੍ਰਕ੍ਰਿਤੀ ਦੇ ਵਾਤਾਵਰਨ ਨੂੰ ਰਹੱਸਵਾਦ ਅਤੇ ਮਨੋ-ਵਿਗਿਆਨ ਦੇ ਅਧਾਰ ਤੇ ਪੇਸ਼ ਕਰਦਿਆਂ ਹੋਇਆਂ ਸੰਜੋਗ ਵਿਜੋਗ ਦੀਆਂ ਭਾਵਨਾਵਾਂ ਨੂੰ ਅਜੇਹੇ ਬੇਹਤਰੀਨ ਤੇ ਅਦੁਤੀ ਢੰਗ ਨਾਲ ਪ੍ਰਗਟ ਕੀਤਾ ਹੈ, ਕਿ ਇਸ 'ਬਾਰਾਮਾਹ' ਅੰਦਰ ਲਿਖਿਆ ਵਿਛੋੜਾ ਸਮੁਚੀ ਜਗਿਆਸੂ ਰੂਪ ਸ੍ਰਿਸ਼ਟੀ ਦਾ ਆਪਣਾ ਪ੍ਰਮਾਤਮਾਂ ਪ੍ਰਤੀ ਵਿਛੋੜਾ ਬਣ ਗਿਆ ਹੈ।

'ਬਾਰਾਮਾਹ' ਅੰਦਰ ਭਾਰਤ ਦੀਆਂ ਪਰਮੁਖ ਛੇ ਰੁਤਾਂ ਦਾ ਵਰਨਣ, ਬਿਰਹੋਂ ਦੀ ਤਿੱਖੀ ਭਾਵੁਕਤਾ ਨੂੰ ਮੁਖ ਰਖ ਕੇ ਅਜਹੇ ਬ੍ਰਿਹੋਂ-ਬ੍ਰਿਤਾਂਤ ਵਿਚ ਲਿਖਿਆ ਹੈ ਕਿ ਜਗਿਆਸੂਆਂ ਦੇ ਮਨਾਂ ਉਪਰ ਬਦਲ ਰਹੀਆਂ ਰੁਤਾਂ ਤੇ ਮੌਸਮ ਦਾ ਪੈਂਦਾ ਪ੍ਰਭਾਵ ਮਨ ਦੇ ਬਦਲਦੇ ਹਾਵ-ਭਾਵ ਨੂੰ ਪ੍ਰਬੀਨ ਕਲਾਕਾਰ ਦੀ ਚਿਤ੍ਰਕਾਰੀ ਵਾਂਗ ਗੁਰੂ ਜੀ ਨੇ ਰਸੀਲੀ ਸ਼ਿੰਗਾਰਮਈ ਬੋਲੀ ਦੁਆਰਾ ਪ੍ਰਗਟ ਕਰਦੇ ਹੋਇਆਂ ਹੂ-ਬ-ਹੂ ਤਸਵੀਰ ਖਿਚ ਦਿਖਾਈ ਹੈ। ਜਿਵੇਂ :-

ਬਨ ਫੂਲੇ ਮੰਝਿ ਬਾਰ ਮੈ ਪਿਰ ਘਰਿ ਬਹੁੜੇ।

ਜਾਂ

ਆਗੈ ਘਾਮ ਪਿਛੈ ਰੁਤਿ ਜਾਡਾ,
ਦੇਖਿ ਚਲਤ ਮਨੁ ਡੋਲੈ।

ਅਤੇ

ਪ੍ਰਿਅ ਬਾਝੁ ਦੁਹੇਲੀ, ਕੋਇ ਨ ਬੇਲੀ।
ਹਰਿ ਅੰਕਿ ਸਮਾਣੀ, ਜਾ ਪ੍ਰਭੁ ਭਾਣੀ,
ਸਾ ਸੋਹਾਗਣ ਨਾਰੇ।

ਜਦੋਂ ਇਸਤਰੀ ਰੂਪ ਜਗਿਆਸੂ ਨੂੰ ਗਿਆਨ ਹੋ ਜਾਂਦਾ ਹੈ ਕਿ ਪ੍ਰਮਾਤਮਾ ਦੀ ਬਖ਼ਸ਼ਿਸ਼ ਤੇ ਉਸ ਦੀ ਪ੍ਰਵਾਨਗੀ ਤੋਂ ਬਿਨਾਂ 'ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ।' ਅਨੁਸਾਰ ਮੇਰੀ ਆਤਮਾਂ ਦੁਖ ਝਲਦੀ ਹੋਈ 'ਭਰਮਿ ਭੁਲੀ ਭਰਿ ਜੋਬਨਿ' ਵਿਚ ਪਛਤਾ ਰਹੀ ਹੈ, ਅਤੇ ਨਾਮ ਸਿਮਰਨ ਬਾਝੋਂ ਹੋਰ ਅਨੇਕਾਂ ਕਰਮ ਕਾਂਡਾਂ ਵਿਚ ਅਮੋਲਕ ਜੀਵਨ ਤਬਾਹ ਕਰਦਿਆਂ ਦੇਖਕੇ ਹੀ (ਝੂਠਿ ਵਿਗੁਤੀ ਤਾ ਪਿਰ ਮੁਤੀ) ਮੇਰੇ ਪਤੀ ਰੂਪੀ ਪ੍ਰਮਾਤਮਾ ਨੇ ਮੈਨੂੰ ਤਿਆਗ ਦਿਤਾ ਹੈ ਤੇ ਉਹ ਆਪਣੇ ਦਿਲ ਦੀ ਵੇਦਨਾ ਇਕ ਵਿਜੋਗਣ ਦੇ ਰੂਪ ਵਿਚ ਪੁਕਾਰ ਉਠਦੀ ਹੈ ਕਿ 'ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ। ਘਰਿ ਆਉ ਪਿਆਰੇ, ਦੁਤਰ ਤਾਰੇ, ਤੁਧ ਬਿਨੁ ਅਢੁ ਨ ਮੋਲੋ। ਕੀਮਤ ਕਉਣ ਕਰੇ ਤੁਧ ਭਾਵਾ, ਦੇਖਿ ਦਿਖਾਵੈ ਢੋਲੋ। ਦੂਰਿ ਨ ਜਾਨਾ, ਅੰਤਰਿ ਮਾਨਾ, ਹਰਿ ਕਾ ਮਹਲੁ ਪਛਾਨਾ। ਕਿਉਂਕਿ ਉਸ ਦੀ ਆਤਮਾਂ ਇਹ ਫ਼ੈਸਲਾ ਸਹੀ ਸ਼ਬਦਾਂ ਵਿਚ ਦੇ ਦਿੰਦੀ ਹੈ ਕਿ ਜੁਦਾਈ ਦੀਆਂ ਤੇਜ਼ ਕਟਾਰੀਆਂ ਦੀ ਮਾਰ ਤੋਂ ਪਤੀ ਦੇ ਘਰ ਵਿਚ ਪ੍ਰਵੇਸ਼ ਹੋਏ ਬਿਨਾਂ ਬਚਣਾ ਅਸੰਭਵ ਹੈ, ਉਸਤੋਂ ਬਿਨਾਂ ਮੇਰਾ ਕੌਡੀ ਭੀ ਮੁਲ ਨਹੀਂ ਪੈ ਸਕਦਾ, ਪਰ ਜਦੋਂ ਦੁਬਿਧਾ ਤਿਆਗ ਕੇ ਗੁਰੂ ਸ਼ਬਦ ਦੁਆਰਾ ਹਉਮੈਂ ਦੀ ਨਿਵਿਰਤੀ ਕਰ ਕੇ, ਕਰਮ ਕਾਂਡਾਂ ਦੇ ਤਿਆਗਣ ਨਾਲ ਅਉਗਣਾਂ ਨੂੰ ਮੇਟ ਦਿੰਦੀ ਹੈ ਤਾਂ ਫਿਰ ਉਹੀ ਵਿਜੋਗਣ ਇਸਤਰੀ ਅਸਲ ਗਿਆਨ ਰੂਪੀ ਪ੍ਰਕਾਸ਼ ਹੋ ਜਾਣ ਕਾਰਨ ਤੇ ਪ੍ਰਮਾਤਮਾਂ ਦੇ ਸਹਿਜ ਸੁਭਾਵ ਮੇਲ ਹੋਣ ਉਪਰੰਤ ਆਸ਼ਾਵਾਦੀ ਰੂਪ ਵਿਚ ਪ੍ਰਭੂ ਪਿਆਰ ਅੰਦਰ ਰੰਗੀ ਹੋਈ ਪੁਕਾਰ ਉਠਦੀ ਹੈ ਕਿ ਅਜ ਮੇਰੇ ਵਰਗੀ ਸੁਹਾਗਣ, ਸੁਚੱਜੀ ਤੇ ਗੁਣਵੰਤ ਨਾਰ ਕੌਣ ਹੈ ? ਤੇ ਮੇਰੀ ਕੀਮਤ ਕੌਣ ਪਾ ਸਕਦਾ ਹੈ ? ਕਿਉਂਕਿ ਅਜ ਮੇਰੇ ਬੰਕੇ ਪ੍ਰੀਤਮ ਪਿਆਰੇ ਸਾਜਨ ਜੀ ਨੇ ਸਨਮੁਖ ਹੋ ਕੇ ਦਰਸ਼ਨ ਦੀਦਾਰੇ ਦੇ ਦਿਤੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਰਚਨਾ ਨੂੰ



www.AKJ.Org

ਆਪਣੇ ਜੀਵਨ ਦੇ ਅੰਤਲੇ ਸਮੇਂ ਕਰਤਾਰਪੁਰ ਵਿਖੇ ਰਹਿੰਦੇ ਹੋਇਆਂ ਉਚਾਰਨ ਕੀਤਾ ਹੈ। ਇਸ ਵਿਚੋਂ ਸਾਨੂੰ ਗੁਰੂ ਜੀ ਦੇ ਆਪਣੇ ਜਨਮ ਅਸਥਾਨ ਪ੍ਰਤੀ ਪਿਆਰ ਦੀ ਅਨੋਖੀ ਉਦਾਹਰਣ ਮਿਲਦੀ ਹੈ। ਕਿ ਕਿਸ ਤਰ੍ਹਾਂ ਗੁਰੂ ਜੀ ਆਪਣੇ ਬਚਪਨ ਦੀਆਂ ਖੇਡਾਂ, ਪਸ਼ੂ ਚਰਾਵਣ ਵਾਲੇ ਖੇਤਾਂ ਤੇ ਜੰਗਲਾਂ ਨੂੰ ਯਾਦ ਕਰਦੇ ਹੋਏ ਕਲਪਣਾਂ ਰੂਪ ਵਿਚ ਸਾਕਾਰ ਕਰਦੇ ਹਨ। 'ਸ਼ਬਦਾਰਥ' ਵਿਚ ਲਿਖਿਆ ਹੋਇਆ ਹੈ ਕਿ 'ਜਿਹੜੇ ਨਜ਼ਾਰੇ ਅੱਖਾਂ ਅਗੇ ਲਿਆਉਂਦੇ ਹਨ, ਉਹ ਨਨਕਾਣੇ ਸਾਹਿਬ ਦੇ ਹਨ, ਜਿਥੇ ਬਚਪਨ ਗੁਜ਼ਰਿਆ ਸੀ, ਅਤੇ ਜਿਥੇ ਪਸ਼ੂ ਚਾਰਦਿਆਂ ਕੜਕਦੀ ਦੁਪਹਿਰ ਵੇਲੇ ਕਿਧਰੇ ਲੰਮੇ ਪਿਆਂ 'ਟਿਡੁ ਲਵੈ ਮੰਝਿ ਬਾਰੇ' ਸੁਣਿਆ ਸੀ। ਅਧੀ ਸਦੀ ਮਗਰੋਂ ਚੇਤੇ ਆ ਰਿਹਾ ਹੈ ਕਿ ਹੁਣ ਮੇਰੀ ਜਨਮ-ਭੂਮੀ 'ਬਾਰ' ਵਿਚ ਵਣ ਦਾ ਰੁਖ ਫੁਲਿਆ ਹੋਣਾ ਹੈ, ਹੁਣ ਉਥੇ ਲੰਮੇ ਲੰਮੇ ਘਾਹਾਂ ਨੇ ਬੂੰਬਲ ਕਢੇ ਹੋਣੇ ਨੇ।

ਇਸ 'ਬਾਰਾਮਾਹ' ਅੰਦਰ ਜੋ ਸਰੋਦੀ ਰਾਗ, ਬਹਿਬਲਤਾ, ਵਿਯੋਗਮਈ ਝਲਕਾਰੇ ਪ੍ਰੇਮਕਾ ਵਲੋਂ ਪ੍ਰਿਆ-ਵਿਯੋਗ ਨੂੰ ਲੈ ਕੇ ਈਸ਼ਵਰ ਤੇ ਜਗਿਆਸੂ ਰੂਪ ਦੇ ਪੇਸ਼ ਕੀਤੇ ਹਨ ਉਹ ਯਥਾਰਥਮਈ ਤੇ ਅਨੂਠੇ ਰੰਗ ਵਿਚ ਰੰਗੇ ਹੋਏ ਦਿਖਾਈ ਦਿੰਦੇ ਹਨ। ਅਤੇ ਇਸ ਅੰਦਰ ਬਿਰਹਾ ਤੜਪ, ਬੇਨਤੀ, ਪਿਆਰ, ਲੋਚਾ ਤੇ ਮਿਲਣ ਅਵਸਥਾ ਨੂੰ ਦੇ ਅਜੇਹੇ ਪ੍ਰਕਾਸ਼ ਦੁਆਰਾ ਉਲੀਕ ਕੇ ਮੂਰਤੀਮਾਨ ਕੀਤਾ ਹੈ ਕਿ ਸਾਰੇ ਢੁਕਵੇਂ ਪ੍ਰਮਾਣ ਤੇ ਅਲੰਕਾਰ ਮੁਰਝਾਈ ਹੋਈ ਮਨੁਖੀ ਆਤਮਾ ਦੇ ਪ੍ਰਮਾਤਮਾ ਨਾਲ ਸੁਮੇਲ ਹੋਣ ਦੇ ਪ੍ਰਤੀਕ ਬਣ ਗਏ ਹਨ।

'ਬਾਰਾਮਾਹ' ਅੰਦਰ ਗੁਰੂ ਜੀ ਨੇ ਰੋਮਾਂਟਿਕ ਢੰਗ ਨਾਲ ਵੇਗਮਈ, ਦਿਲ ਖਿਚਵੀਂ ਤੇ ਹਿਰਦੇ ਵੇਦਨ ਵਾਲੀ ਵਿਯੋਗਮਈ ਸ਼ਬਦਾਵਲੀ ਵਰਤ ਕੇ ਜੀਵ ਰੂਪ ਇਸਤਰੀ ਦਾ ਪ੍ਰਭੂ-ਪਿਆਰ ਤੋਂ ਸਖਣੀ ਹੋਣ ਤੇ ਤਰਲੇ ਲੈਂਦੀ ਹੋਈ ਦਾ ਦ੍ਰਿਸ਼ ਵਰਨਣ ਕੀਤਾ ਹੈ ਕਿ 'ਪਿਰ ਘਰਿ ਨਹੀ ਆਵੈ, ਮਰੀਐ ਹਾਵੈ, ਦਾਮਿਨ ਚਮਕਿ ਡਰਾਏ। ਸੇਜ ਇਕੇਲੀ, ਖਰੀ ਦੁਹੇਲੀ, ਮਰਣੁ ਭਇਆ ਦੁਖੁ ਮਾਏ। ਹਰਿ ਬਿਨੁ ਨੀਂਦ ਭੂਖ ਕਹੁ ਕੈਸੀ, ਕਾਪੜੁ ਤਨਿ ਨ ਸੁਖਾਵਏ। ਅਤੇ ਜਦੋਂ ਹੋਰ ਵਿਯੋਗਮਈ ਅਵਸਥਾ ਵਿਚ ਕੁਰਲਾ ਉਠਦੀ ਹੈ ਤਾਂ ਬਿਆਨ ਕਰਦੇ ਹੋਏ ਲਿਖਦੇ ਹਨ ਕਿ 'ਜਲ ਥਲ ਨੀਰਿ ਭਰੇ ਬਰਸੁ ਰੁਤੇ ਰੰਗ ਮਾਣੀ। ਬਰਸੈ ਨਿਸਿ ਕਾਲੀ, ਕਿਉ ਸੁਖ ਬਾਲੀ, ਦਾਦਰ ਮੋਰ ਲਵੰਤੇ। ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ। ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਉ ਸੁਖੁ ਪਾਈਐ।' ਮਿਲਾਪ ਦੀ ਸੁੰਦਰਤਾ ਨੂੰ ਦਾਰਸ਼ਨਿਕ ਛੋਹਾਂ ਦੇ ਕੇ 'ਧਨ ਪਿਰ ਮੇਲੋ ਧਨ ਓਮਾਹੈ ਸਰਸੀ।' ਰਾਹੀਂ ਸਮਝਾਉਂਦੇ ਹੋਏ ਦਸਦੇ ਹਨ ਕਿ ਕਿਸ ਤਰ੍ਹਾਂ ਮਨੁਖੀ ਜੀਵ-ਆਤਮਾਂ ਪ੍ਰਭੂ-ਪਿਆਰ ਤੇ ਉਸ ਦੇ ਨਾਮ ਸਿਮਰਨ ਵਿਚੋਂ ਹੀ ਸਤਾਂ ਸਮੁੰਦਰਾਂ, ਅਠਾਹਠ ਤੀਰਥਾਂ ਦਾ ਇਸ਼ਨਾਨ ਤੇ ਦਾਨ, ਪੂਜਾ ਨੂੰ ਪ੍ਰਮਾਤਮਾਂ ਦੇ ਨਾਮ ਦੇ ਅਜੱਪ-ਜਪ ਰੂਪੀ ਮਹਾਂਰਸ ਨਾਲੋਂ ਘਟ ਤੁਲਣਾ ਦੇ ਕੇ ਤੁਛ ਸਮਝਦੀ ਹੋਈ ਆਸ਼ਾਵਾਦੀ ਰੂਪ ਵਿਚ ਪ੍ਰਭੂ ਅੰਦਰ ਅਭੇਦ ਹੋਣ ਦੇ ਹਾਰ ਸ਼ਿੰਗਾਰ ਲਾਉਂਦੀ (ਪ੍ਰੇਮਾਂ ਭਗਤੀ) ਹੋਈ 'ਹਾਰ ਡੋਰ ਰਸ ਪਾਟ ਪਟੰਬਰ' ਲਾ ਕੇ ਕੋਮਲ ਜਜ਼ਬਿਆਂ ਦੁਆਰਾ ਬਿਆਨ ਕਰਦੀ ਹੈ ਕਿ 'ਸ ਜਨ ਮਿਲੇ ਗੁਣ ਗਹਿ ਅੰਕਿ ਸਮਾਨਿਆ। ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ। ਗੰਗ ਜਮੁਨ ਤਰਬੇਣੀ ਸੰਗਮ ਸਾਤ ਸਮੁੰਦ ਸਮਾਵਾ। ਪੁੰਨ ਦਾਨ ਪੂਜਾ ਪ੍ਰਮੇਸੁਰ ਜੁਗਿ ਜੁਗਿ ਏਕੋ ਜਾਤਾ। ਨਾਨਕ ਮਾਘਿ ਮਹਾਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ।' ੧੫।

'ਬਾਰਾਮਾਹ' ਅੰਦਰ ਕੁਦਰਤ ਦੀ ਵਿਸ਼ਾਲਮਈ ਵਚਿਤਰ ਚਿਤਰਸ਼ਾਲਾ ਦਾ ਵਰਨਣ ਕਰਦੇ ਹੋਇਆਂ ਗੁਰੂ ਜੀ ਨੇ ਬੰਬੀਹੇ, ਕੋਇਲ, ਡਡੂ, ਮੋਰ, ਮੱਛਰ, ਸੱਪ ਤੇ ਭਵਰ ਆਦਿ ਨੂੰ ਪੇਸ਼ ਕਰਕੇ ਪ੍ਰਕ੍ਰਿਤਕ-ਖੂਬਸੂਰਤੀ ਨੂੰ ਵਿਸਮਾਦਮਈ ਸੁੰਦਰਤਾ ਰਾਹੀਂ ਟਾਹਣੀਆਂ, ਜੰਗਲ, ਸਰੋਵਰ, ਛੱਪੜ ਅਤੇ ਪਿਛਲੀ, ਕਾਹੀ, ਅੰਬ ਤੇ ਫੁਲਾਂ ਆਦਿ ਨੂੰ ਤਸਵੀਰ ਦੁਆਰਾ ਬਰਸਾਤ, ਗਰਮੀ, ਸਰਦੀ ਤੇ ਬਸੰਤ ਆਦਿ ਰੁਤਾਂ ਨੂੰ ਹੂ-ਬ-ਹੂ



www.AKJ.Org

ਪੇਸ਼ ਕਰਦੇ ਹੋਇਆਂ ਸੰਕੋਚਮਈ ਸ਼ਬਦਾਵਲੀ ਦੁਆਰਾ ਅਜੇਹੀ ਪ੍ਰਕ੍ਰਿਤਕ-ਨੁਹਾਰ ਪੇਸ਼ ਕੀਤੀ ਹੈ ਕਿ ਇਹ ਇਕ ਕੁਦਰਤ ਦਾ ਜਾਦੂ ਮਈ ਕ੍ਰਿਸ਼ਮਾ ਹੈ।

ਇਸ 'ਬਾਰਾਮਾਹ' ਅੰਦਰ ਕੁਦਰਤ ਦੇ ਸੁਹਜਮਈ ਗਿਆਨ ਨੂੰ ਕਲਾਤਮਿਕ ਢੰਗ ਦੁਆਰਾ ਰੂਹਾਨੀਅਤ ਦੀ ਰਹਸਵਾਦੀ ਭਾਵੁਕਤਾ ਦੀਆਂ ਛੋਹਾਂ ਨਾਲ ਦਰਸਾਉਂਦੇ ਹੋਇਆਂ ਗੁਰੂ ਜੀ ਨੇ ਇਸਤਰੀ ਰੂਪ ਜਗਿਆਸੂ ਦੇ ਮਨ ਦੀਆਂ ਮਾਨਸਿਕ ਅਵਸਥਾਵਾਂ ਨੂੰ ਮੂਰਤੀਮਾਨ ਕੀਤਾ ਹੈ ਕਿ 'ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ। ਕਿਉਂ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ। ਨਾ ਕੋਈ ਮੇਰਾ ਹਉ ਕਿਸ ਕੇਰਾ ਹਰਿ ਬਿਨੁ ਰਹਣੁ ਨ ਜਾਏ। ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ। ਨਾਨਕ ਦ੍ਰਿਸ਼ਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ।' ੩।

ਜਦੋਂ ਜਗਿਆਸੂ ਰੂਪ ਇਸਤਰੀ ਨੂੰ ਪ੍ਰਮਾਤਮਾ ਰੂਪੀ ਪਤੀ ਦੇ ਮਿਲਣ ਦੀ ਤਾਂਘ ਜਾਗਦੀ ਹੈ ਤਾਂ ਬਿਰਹੋਂ ਦੇਵਤਾ ਆਣ ਦਰਸ਼ਨ ਦਿੰਦਾ ਹੈ। ਜਿਸ ਕਾਰਨ ਜਗਿਆਸੂ ਰੂਪ ਇਸਤ੍ਰੀ ਉਸਨੂੰ ਤਕਦੀ ਹੋਈ ਮਿਠੇ ੨ ਗੁਣਾਂ ਨਾਲ ਯਾਦ ਕਰਦੀ ਹੈ। ਰੂਹਾਨੀਅਤ ਦੀਆਂ ਪਵਿਤ੍ਰ ਛੋਹਾਂ ਨਾਲ ਕਈ ਵਾਰੀ ਵਿਯੋਗਮਈ ਵੇਦਨਾ ਕਰਦੀ ਹੋਈ ਪ੍ਰਮਾਤਮਾ ਰੂਪ ਪਤੀ ਨੂੰ ਉਲਾਂਭੇ ਭੀ ਦੇਣ ਲਗ ਜਾਂਦੀ ਹੈ ਜਿਵੇਂ :-

ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ।
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ।
ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ।......
ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣ ਨਾਰੇ। ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸ ਮੁਰਾਰੇ। ਸਭ ਤੇਰੀ ਤੂ ਮੇਰਾ ਪ੍ਰੀਤਮ ਨਿਸਿ ਬਾਸੁਰ ਰੰਗਿ ਰਾਵੈ।......
ਕਿਉ ਘੜੀ ਬਿਸਾਰੀ ਹਉ ਬਲਿਹਾਰੀ
ਹਉ ਜੀਵਾ ਗੁਣ ਗਾਏ।੩।......

ਘਰਿ ਘਰਿ ਕੰਤੁ ਰਵੈ ਸੋਹਾਗਣਿ
ਹਉ ਕਿਉ ਕੰਤ ਬਿਸਾਰੀ।੪।......
ਅਨਦਿਨੁ ਰਹਸੁ ਭਇਆ ਆਪੁ ਗਵਾਇਆ।
ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ,
ਕਰਿ ਕ੍ਰਿਪਾ ਘਰਿ ਆਓ।੧੬।

ਗੁਰੂ ਜੀ ਨੇ ਬਾਰਾਂ ਮਹੀਨਿਆਂ ਰਾਹੀਂ ਪ੍ਰਕ੍ਰਿਤਕ ਦ੍ਰਿਸ਼ ਦੇ ਸੁਹਾਵਣੇ ਮੌਸਮ ਤੇ ਵਾਤਾਵਰਣ ਨੂੰ ਸ਼ਬਦ-ਚਿਤਰਾਂ ਰਾਹੀਂ ਅਜੇਹੀ ਵਿਦਵਤਾ ਤੇ ਸਿਆਣਪਤ ਨਾਲ ਕਲਮਬੰਦ ਕੀਤਾ ਹੈ ਕਿ ਕੁਦਰਤ ਦੀ ਰਮਣੀਕ ਚਿਤ੍ਰਾਵਲੀ ਨੂੰ ਯਥਾਰਥ ਦੀਆਂ ਛੋਹਾਂ ਦੇ ਕੇ ਹੂ-ਬ-ਹੂ ਮੂਰਤੀਮਾਨ ਕਰ ਦਿਤਾ ਹੈ। ਜਿਵੇਂ :—

ਚੇਤ ਬਸੰਤ ਭਲਾ ਭਵਰ ਸੁਹਾਵੜੇ
ਬਨ ਫੂਲੇ ਮੰਝਿ ਬਾਰਿ ਮੈ ਪਿਰੁ ਘਰੁ ਬਾਹੁੜੇ।

ਇਸੇ ਪ੍ਰਕਾਰ ਹੀ ਵੈਸਾਖ ਦੇ ਮਹੀਨੇ ਦਾ ਵਰਨਣ ਕਰਦੇ ਹੋਏ ਲਿਖਦੇ ਹਨ ਕਿ :—

ਥਲ ਤਾਪਹਿ ਸਰ ਭਾਰ।......
ਆਸਾੜੁ ਭਲਾ ਸੂਰਜੁ ਗਗਨਿ ਤਪੈ।
ਧਰਤੀ ਦੁਖੁ ਸਹੈ ਸੋਖੈ ਅਗਨਿ ਭਖੈ।

ਅਤੇ ਸਾਵਣ ਭਾਦਰੋਂ ਵਿਚ ਪੈਂਦੀ ਬਰਸਾਤ ਤੇ ਆਉਂਦੀਆਂ ਬਦਲਾਂ ਦੀਆਂ ਘਨਘੋਰ ਕਾਲੀਆਂ ਘਟਾਵਾਂ ਦਾ ਵਰਨਣ ਕਰਦੇ ਹੋਏ ਦਸਦੇ ਹਨ ਕਿ:—

ਸਾਵਣਿ ਸਰਸ ਮਨਾ ਘਣ ਵਰਸਹਿ ਰੁਤ ਆਇ।...
ਦਾਮਨਿ ਚਮਕਿ ਡਰਾਏ।......
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗ ਮਾਣੀ।
ਬਰਸੈ ਨਿਸਿ ਕਾਲੀ......ਸਾਇਰ ਭਰ ਸੁਭਰ।

ਅਸੂ ਦੇ ਮਹੀਨੇ ਵਿਚ ਹੁੰਦੀ ਰੁਤਾਂ ਦੀ ਤਬਦੀਲੀ ਨੂੰ ਬਿਆਨ ਕਰਦੇ ਹਨ ਕਿ :—

ਆਗੈ ਘਾਮ ਪਿਛੈ ਰੁਤਿ ਜਾਡਾ।

ਪੋਹ ਦੇ ਮਹੀਨੇ ਦੀ ਠੰਢ ਬਾਰੇ ਇੰਝ ਲਿਖਦੇ ਹਨ ਕਿ—

ਪੋਖਿ ਤੁਖਾਰ ਪੜੈ ਵਣੁ ਤ੍ਰਿਣੁ ਰਸ ਸੋਖੈ।

ਇਸ 'ਬਾਰਾਮਾਹ' ਅੰਦਰ ਗੁਰੂ ਜੀ ਨੇ ਪਤੀ ਦਰਸ ਵਲੋਂ ਅਤ੍ਰਿਪਤ ਇਸਤਰੀ ਦੀ ਵਿਯੋਗਮਈ ਅਵਸਥਾ ਦਾ ਪ੍ਰਗਟਾਵਾ ਕਰਦੇ ਹੋਏ ਲਿਖਿਆ ਹੈ ਕਿ 'ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ



www.AKJ.Org

ਮਾਏ। ਹਰਿ ਬਿਨ ਨੀਂਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ।੯।......

ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ। ਸਾਚੇ ਮਹਿਲ ਰਹੈ ਬੈਰਾਗੀ ਆਵਣ ਦੇਹਿ ਤਾ ਆਵਾ। ਨਿਮਾਣੀ ਨਿਤਾਣੀ ਹਰਿ ਬਿਨ ਕਿਉ ਪਾਵੈ ਸੁਖ ਮਹਲੀ।੭।......

ਪਿਰੁ ਘਰਿ ਨਹੀ ਆਵੈ, ਧਨ ਕਿਉ ਸੁਖ ਪਾਵੈ ਬਿਰਹਿ ਬਿਰੋਧ ਤਨ ਛੀਜੈ।......ਘਰਿ ਆਉ ਪਿਆਰੇ ਦੁਤਰ ਤਾਰੇ ਤੁਧ ਬਿਨੁ ਅਢੁ ਨ ਮੋਲੋ।

ਇਸਤਰੀ ਰੂਪ ਜਗਿਆਸੂ ਦੇ ਵਿਛੋੜੇ ਨੂੰ ਉਜਾਗਰ ਕਰਦਿਆਂ ਹੋਇਆਂ ਗੁਰੂ ਜੀ ਨੇ ਮਨੋ-ਵਿਸ਼ਲੇਸ਼ਨ ਢੰਗ ਨਾਲ ਉਸਦੇ ਹਿਰਦੇ ਦੀ ਪ੍ਰਬਲ ਵੇਦਨਾਂ ਦੀ ਸਿਖਰ ਪੇਸ਼ ਕਰ ਕੇ ਸਾਵਣ ਦੇ ਵਰਸਣ ਨੂੰ ਉਸ ਦੇ ਬਰਸਦੇ ਨੈਣਾਂ ਦਾ ਪ੍ਰਤੀਕ ਦਸ ਕੇ, ਧਰਤੀ ਰੂਪ ਬੁਧੀ ਨੂੰ ਸੂਰਜ ਰੂਪੀ ਅਗਿਆਤਾ ਵਲੋਂ ਦੁਖ ਹੁੰਦਾ ਦਰਸਾਇਆ ਹੈ। ਹਾੜ ਦੇ ਮਹੀਨੇ ਸੂਰਜ ਦਾ ਰਥ ਫਿਰ ਕੇ ਦਖਣ ਵਲ ਹੋ ਹੋ ਜਾਂਦਾ ਹੈ, ਨੂੰ ਅੰਕਿਤ ਕਰਦੇ ਹੋਏ ਲਿਖਦੇ ਹਨ ਕਿ :—

'ਰਥਿ ਫਿਰੈ ਛਾਇਆ ਧਨ ਤਾਕੈ।

ਇਸ ਤਰਾਂ ਨਾਲ ਇਸ 'ਬਾਰਾਮਾਹ' ਅੰਦਰ ਗੁਰੂ ਜੀ ਨੇ ਬਿਰਹੀ ਵਿਯੋਗਣ ਦੇ ਮਿਲਾਪ ਨੂੰ ਦਰਸਾਕੇ ਪੇਂਡੂ ਤੇ ਘਰੋਗੀ ਵਾਤਾਵਰਨ ਵਾਂਗ ਹੀ ਜੀਵਨ-ਸੁਨੇਹਾ ਸਥਾਨਕ ਰੰਗ ਚੜ੍ਹਦਾ ਹੋਇਆ ਦਿਖਾਇਆ ਹੈ। ਜਿਸ ਅੰਦਰ ਮਨੁਖੀ ਕਲਿਆਣ ਲਈ ਰੂਹਾਨੀਅਤ, ਅਧਿਆਤਮਕ ਤੇ ਰਹਿਸਵਾਦ ਦੇ ਸਾਰੇ ਲੋੜੀਂਦੇ ਤੱਤ ਮੌਜੂਦ ਹਨ।

---

## ਪੰਃ ਯੂਨੀਵਰਸਿਟੀ ਪਟਿਆਲਾ ਵਿਖੇ ਪ੍ਰਕਾਸ਼ ਉਤਸ਼ਵ

**17 ਜਨਵਰੀ 1971** ਨੂੰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸ਼ਵ ਬੜੀ ਸਜ ਧਜ ਨਾਲ ਮਨਾਇਆ ਜਾ ਰਿਹਾ ਹੈ। ਇਸ ਸਮੇਂ ਅਖੰਡ ਕੀਰਤਨੀ ਜਥਾ ਪਟਿਆਲਾ ਕੀਰਤਨ ਆਸਾ ਦੀ ਵਾਰ ਦੀ ਸੇਵਾ ਕਰੇਗਾ।

## ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸ਼ਵ

ਸ੍ਰ: ਨਛਤਰ ਸਿੰਘ ਸਕੱਤਰ ਗੁ: ਸਾਹਿਬ ਸੂਚਨਾ ਦੇਂਦੇ ਹਨ ਕਿ ਗੁਰੂ ਰੂਪ ਸੰਗਤਾਂ ਦੀ ਪ੍ਰੇਮ ਮਈ ਪ੍ਰੇਰਨਾ ਅਤੇ ਸਹਿਯੋਗ ਦੁਵਾਰਾ ਖਾਸ ਕਰਕੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਦੇ ਕੀਰਤਨ ਤੋਂ ਪ੍ਰਭਾਵਤ ਹੋ ਕੇ ਪ੍ਰਕਾਸ਼ ਉਤਸ਼ਵ ਸ੍ਰੀ ਗੁਰੂ ਨਾਨਕ ਦੇਵ ਜੀ ਦਾ 18 ਨਵੰਬਰ ਨੂੰ ਬੜੀ ਸੱਜ ਧੱਜ ਨਾਲ ਮਨਾਇਆ ਗਿਆ। ਜਿਸ ਵਿਚ ਆਸ ਪਾਸ ਦੀਆਂ ਯੂਨਿਟਾਂ ਦੀਆਂ ਸਿਖ ਸੰਗਤਾਂ ਹੁਮ ਹੁਮਾ ਕੇ ਪੁਜੀਆਂ। ਇਸ ਗੁਰਪੁਰਬ ਨੂੰ ਮਨਾਉਣ ਲਈ ਇਕ ਕਮੇਟੀ ਬਣਾਈ ਗਈ। ਇਸ ਮੌਕੇ ਤੇ ਲਿਖਾਰੀਆਂ ਨੂੰ ਇਨਾਮ ਦਿੱਤੇ ਗਏ।

੧. ਪਹਿਲਾ ਇਨਾਮ 200 ਰੁਪੈ ਸੂਰਾ ਪ੍ਰੈਸ ਦਵਾਰਾ ਛਪੀ ਪੁਸਤਕ ਜੀਵਨ ਬ੍ਰਿਤਾਂਤ ਭਾਈ ਰੂਪ ਚੰਦ ਜੀ ਦੇ ਲੇਖਕ ਭਾਈ ਕਰਮ ਸਿੰਘ ਜੀ ਭੰਡਾਰੀ ਨੂੰ ਦਿਤਾ ਗਿਆ।

੨. ਦੂਜਾ ਇਨਾਮ ਬਾਬਾ ਦੀਪ ਸਿੰਘ ਜੀ ਦੇ ਜੀਵਨ ਦੇ ਝਾਤ ਪਵਾਉਣ ਵਾਲੇ ਟ੍ਰੈਕਟ ਦੇ ਲਿਖਾਰੀ ਸ: ਗੁਰਮੀਤ ਸਿੰਘ ਜੀ ਨੂੰ ਮਿਲਿਆ। ਇਨਾਮ ਦੀ ਰਕਮ 101 ਰੁਪੈ ਸੀ।

੩. ਤੀਜਾ ਇਨਾਮ ਸਹਿਜਧਾਰੀ ਵੀਰ ਨਾਨਕ ਚੰਦ ਜੀ ਨੇ ਪ੍ਰਪਾਤ ਕੀਤਾ। ਇਨਾਮ ਦੀ ਰਕਮ 51 ਰੁਪੈ ਸੀ।

ਭਾਈ ਮਰਦਾਨੇ ਦੀ ਸੰਤਾਨ ਵਿਚੋਂ ਢਾਡੀ ਜਥਾ ਭਾਈ ਧਰਮ ਸਿੰਘ ਨੇ ਆਪਣੇ ਮਨੋਹਰ ਪ੍ਰਸੰਗਾਂ ਦਵਾਰਾ ਸੰਗਤਾਂ ਨੂੰ ਨਿਹਾਲ ਕੀਤਾ। ਦਸਮੇਸ਼ ਪਿਤਾ ਦੇ ਗੁਰਪੁਰਬ ਦੇ ਮੌਕੇ ਤੇ ਕਾਫੀ ਮੁਫਤ ਲਿਟਰੇਚਰ ਵੰਡਣ ਦੀ ਵਿਉਂਤ ਬਣਾਈ ਗਈ। ਫੌਜੀ ਗ੍ਰੰਥੀ ਸਾਹਿਬ ਵਲੋਂ ਚੌਪਈ ਸਾਹਿਬ ਦੇ ਪਾਠ ਕਰਨ ਦੀ ਪ੍ਰੇਰਨਾ ਦਿਤੀ ਗਈ। ਜਿਨਾਂ ਦੀ ਅਰਦਾਸ ਦਸਮੇਸ਼ ਪਿਤਾ ਜੀ ਦੇ ਗੁਰਪੁਰਬ ਤੇ ਕੀਤੀ ਜਾਵੇਗੀ। ਦਿਵਾਨ ਤੋਂ ਬਾਦ ਗੁਰੂ ਕਾ ਲੰਗਰ ਅਤੁਟ ਵਰਤਿਆ ਸ਼ਾਮ ਨੂੰ ਰਹਿਰਾਸ ਸਾਹਿਬ ਤੋਂ ਉਪਰੰਤ ਦੀਪਮਾਲਾ ਅਤੇ ਕਵੀ ਦਰਬਾਰ ਹੋਇਆ।



www.AKJ.Org

# ਭਾਈ ਸ਼ਾਮ ਸਿੰਘ ਜੀ ਖੰਨਾ ਦੀ ਸਾਲਾਨਾ ਯਾਦ

ਭਾਈ ਸ਼ਾਮ ਸਿੰਘ ਜੀ ਜਿਹੜੇ ਪਿਛਲੇ ਸਾਲ ਸਾਥੋਂ ਸਦਾ ਲਈ ਵਿਛੜ ਕੇ ਗੁਰਪੁਰੀ ਜਾ ਬਿਰਾਜੇ ਸਨ। ਉਹਨਾਂ ਨਮਿਤ 25-26-27 ਦਸੰਬਰ ਨੂੰ ਖੰਨਾਂ ਵਿਖੇ ਸਾਲਾਨਾ ਯਾਦ ਹਿਤ ਓਹਨਾਂ ਦੇ ਪ੍ਰਵਾਰ ਵਲੋਂ ਅਖੰਡ ਪਾਠ ਤੇ ਅਖੰਡ ਕੀਰਤਨ ਸਮਾਗਮ ਹੋਏ। ਇਸ ਸਮਾਗਮ ਵਿਚ ਪਟਿਆਲਾ, ਲੁਧਿਆਣਾ, ਦੋਰਾਹਾ, ਰੋਪੜ, ਅੰਮ੍ਰਿਤਸਰ, ਚੰਡੀਗੜ, ਜ਼ਿਲਾ ਹੁਸ਼ਿਆਰਪੁਰ ਆਦਿ ਸ਼ਹਿਰਾਂ ਤੋਂ ਭਾਰੀ ਗਿਣਤੀ ਵਿਚ ਸੰਗਤਾਂ ਪੁਜੀਆਂ ਹੋਈਆਂ ਸਨ। ਕਈ ਗੁਰੂ ਪਿਆਰੇ ਤਾਂ 24 ਦਸੰਬਰ ਸ਼ਾਮ ਨੂੰ ਹੀ ਪੁਜ ਗਏ ਪਰ ਜ਼ਿਆਦਾ 26 ਦਸੰਬਰ ਸ਼ਾਮ ਨੂੰ ਹੀ ਪੁਜੇ। 25-26-27 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦਾ ਅਦੁਤੀ ਸ਼ਹੀਦੀ ਦਿਨ ਹੋਣ ਕਰਕੇ ਫਤਹਗੜ ਸਾਹਿਬ ਬੜਾ ਭਾਰੀ ਜੋੜ ਮੇਲ ਹੁੰਦਾ ਹੈ ਪਰ ਇਸ ਦੇ ਬਾਵਜੂਦ ਸੰਗਤਾਂ ਭਾਰੀ ਗਿਣਤੀ ਵਿਚ ਪੁਜੀਆਂ। ਆਈਆਂ ਸੰਗਤਾਂ ਦਾ ਪੂਰਾ ਪੂਰਾ ਆਰਾਮ ਕਰਨ ਦਾ ਖਿਆਲ ਰਖਿਆ ਗਿਆ ਸੰਗਤਾਂ ਅੰਮ੍ਰਿਤ ਵੇਲੇ ਇਸ਼ਨਾਨ ਪਾਨ ਕਰਕੇ ਸਿਮਰਣ ਨਿਤ ਨੇਮ ਤੋਂ ਬਾਦ ਅਖੰਡ ਪਾਠ ਭਵਨ ਵਿਚ ਪੁਜ ਗਈਆਂ ਠੀਕ ਪੰਜ ਵਜੇ ਅਖੰਡ ਪਾਠ ਦੇ ਭੋਗ ਦੀ ਸਮਾਪਤੀ ਹੋਈ ਉਪਰੰਤ ਅਰਦਾਸਾ ਭਾਈ ਆਤਮਾ ਸਿੰਘ ਪੰਜੋਖਰਾ ਸਾਹਿਬ ਵਾਲੇ ਨੇ ਕੀਤਾ।

ਉਸ ਤੋਂ ਪਿਛੋਂ ਸੰਗਤਾਂ ਕੁਛ ਛਕ ਛਕਾ ਕੇ ਬਾਹਰ ਪੰਡਾਲ ਵਿਚ ਪੁਜ ਗਈਆਂ ਜਿਥੇ ਕੀਰਤਨ ਆਸਾ ਦੀ ਵਾਰ ਸ਼ੁਰੂ ਸੀ ਪਹਿਲਾਂ ਭਾਈ ਆਤਮਾ ਸਿੰਘ ਪੰਜੋਖਰਾ ਸਾਹਿਬ ਵਾਲਿਆਂ ਨੇ ਰਸ ਭਿੰਨਾ ਕੀਰਤਨ ਕੀਤਾ, ਉਪਰੰਤ ਕਾਕਾ ਸਤਿਨਾਮ ਸਿੰਘ ਲੁਧਿਆਣਾ ਨਿਵਾਸੀ ਨੇ ਕੀਰਤਨ ਦੀ ਸੇਵਾ ਕੀਤੀ। ਉਸ ਤੋਂ ਪਿਛੋਂ ਭਾਈ ਹਰਦਿਆਲ ਸਿੰਘ ਲੁਧਿਆਣਾ ਤੇ ਡਾਕਟਰ ਦਰਸ਼ਨ ਸਿੰਘ ਲੁਧਿਆਣਾ ਨੇ ਕੀਰਤਨ ਕੀਤਾ।

ਫਿਰ ਪਟਿਆਲੇ ਦੇ ਭਾਈ ਮਹਿੰਦਰ ਸਿੰਘ ਜੀ ਨੇ ਰਸ ਭਿੰਨਾ ਕੀਰਤਨ ਕੀਤਾ ਇਹਨਾਂ ਤੋਂ ਪਿਛੋਂ ਬੀਬੀਆਂ ਨੇ ਵੀ ਕੀਰਤਨ ਵਿਚ ਹਿਸਾ ਪਾਇਆ ਉਪਰੰਤ ਭਾਈ ਮਹਿੰਦਰ ਸਿੰਘ ਜੀ ਨੇ ਕੀਰਤਨ ਦੀ ਸਮਾਪਤੀ ਕੀਤੀ ਤੇ ਅਰਦਾਸ ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਵਾਲਿਆਂ ਕੀਤੀ ਤੇ ਭਾਈ ਸ਼ਾਮ ਸਿੰਘ ਬਾਰੇ ਕਿਹਾ ਸਚੇ ਪਾਤਸ਼ਾਹ ਇਸ ਪਿਆਰੇ ਨੂੰ ਆਪਣੇ ਚਰਨਾਂ ਨਾਲ ਹੀ ਜੋੜੀ ਰਖੀਂ ਤੇ ਇਸ ਪ੍ਰਵਾਰ ਨੂੰ ਸਿਖੀ ਬਖਸ਼ੋ ਤੇ ਇਸ ਪ੍ਰਵਾਰ ਤੇ ਸਦਾ ਮੇਹਰ ਭਰਿਆ ਹਥ ਰਖੋ, ਅਰਦਾਸ ਤੋਂ ਪਿਛੋਂ ਹੁਕਮਨਾਮਾ ਲਿਆ ਗਿਆ।

ਇਸ ਮੌਕੇ ਤੇ ਭਾਈ ਬਲਬੀਰ ਸਿੰਘ ਤੇ ਬੀਬੀ ਦਲੇਰ ਕੌਰ ਸਪੁਤਰ ਤੇ ਸਪੁਤਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਖਾਸ ਤੌਰ ਤੇ ਪੁਜੇ ਹੋਏ ਸਨ। ਇਸ ਸਮਾਗਮ ਵਿਚ ਭਾਰੀ ਗਿਣਤੀ ਵਿਚ ਖੰਨਾ ਤੇ ਰੀਹੋਂਦ ਪਿੰਡ ਤੋਂ ਵੀ ਪ੍ਰੇਮੀ ਪੁਜੇ ਹੋਏ ਸਨ।

ਇਸ ਸਮਾਗਮ ਵਿਚ ਬਾਬੂ ਮੱਲ ਸਿੰਘ ਜੀ ਤਰਨਤਾਰਨ ਵਾਲਿਆਂ ਵੀ ਪੁਜਨਾ ਸੀ ਪਰ ਭਾਣੇ ਅਨੁਸਾਰ ਓਹ ਘਰ ਤੋਂ ਨਿਕਲੇ ਤੇ 25-12-70 ਨੂੰ ਸਵੇਰੇ 9-30 ਵਜੇ ਬਾਜ਼ਾਰ ਵਿਚ ਇਕ ਸਾਇਕਲ ਨਾਲ ਟਕਰਾ ਕੇ ਜ਼ਖਮੀ ਹੋ ਗਏ ਤੇ ਚਾਰ ਦੰਦ ਟੁਟ ਗਏ ਤੇ ਬੁਲ ਫਟ ਗਿਆ ਸਿਰ ਤੇ ਬਾਜ਼ੂ ਤੇ ਵੀ ਚੋਟਾਂ ਆਈਆਂ ਇਸ ਵੇਲੇ ਓਹ ਤਰਨਤਾਰਨ ਜ਼ੇਰੇ-ਇਲਾਜ ਹਨ, ਸਾਡੀ ਇਹ ਅਰਦਾਸ ਹੈ ਕਿ ਸਚੇ ਪਾਤਸ਼ਾਹ ਇਸ ਗੁਰੂ ਪਿਆਰੇ ਨੂੰ ਦੇਹ ਅਰੋਗਤਾ ਤੇ ਚੜਦੀ ਕਲਾ ਬਖਸ਼ੇ।

(ਸੰਪਾਦਕ)



www.AKJ.Org

# ਗੁਰਬਾਣੀ ਪਾਠ-ਨਿਰਣਯ

ਵਲੋਂ :
ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ
(ਲੇਖਕ–ਕਰਤਾ 'ਜਪੁ-ਨਿਰਣਯ')
[ ਕਿਸ਼ਤ ਸਤਵੀਂ ]

| ਲੜੀਵਾਰ ਨੰਬਰ | ਪੰਨਾ | ਸਤਰ | ਪ੍ਰਚਲਤ ਪਾਠ (ਸ਼ੰਕਾਵਾਦੀ ਉਚਾਰਨ ਤੇ ਬਿਸਾਰਮ) | ਸ਼ੁੱਧ ਪਾਠ (ਸ਼ੁੱਧ ਉਚਾਰਨ ਤੇ ਬਿਸਰਾਮ) |
|---|---|---|---|---|
| (੪੬) | ੧੦ | ੧੦ | ਮੇਰੇ ਮਾਧਉ ਜੀ ਸਤਸੰਗਤਿ, ਮਿਲੇ ਸੁ ਤਰਿਆ ॥ | ਮੇਰੇ ਮਾਧਉ ਜੀ, ਸਤਸੰਗਤਿ ਮਿਲੇ, ਸੁ ਤਰਿਆ ॥ |
| (੪੭) | ੧੦ | ੧੨ | ਊਡੇ, ਊਡਿ ਆਵੈ ਸੈ ਕੋਸਾ, ਤਿਸੁ ਪਾਛੈ ਬਚਰੇ ਛਰਿਆ ॥ | ਊਡੇ ਊਡਿ, ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥ |
| (੪੮) | ੧੦ | ੧੩ | ਤਿਨ ਕਵਣੁ ਖਲਾਵੈ ਕਵਣੁ ਚਗਾਵੈ ਮਨ ਮਹਿ ਸਿਮਰਨੁ ਕਰਿਆ ॥ | ਤਿਨ ਕਵਣ ਖਲਾਵੈ ਕਵਣੁ ਚੁਗਾਵੈ, ਮਨ ਮਹਿ ਸਿਮਰਨੁ ਕਰਿਆ ॥ |

ਨਿਰਣੇ :—(੪੬) ਇਸ ਪੰਕਤੀ ਦੇ ਪੁਰਾਤਨ ਅਰਥ ਹੇਠ ਲਿਖੇ ਅਨੁਸਾਰ ਕੀਤੇ ਗਏ ਹਨ :—
"ਹੇ ਮੇਰੇ ਮਨ ! ਜੋ (ਮਾਧਉ) ਵਾਹਿਗੁਰੂ ਜੀ ਦੀ ਸਤਸੰਗਤ ਵਿਚ ਮਿਲਿਆ ਹੈ ਉਹ ਤਰ ਗਿਆ ।"
(ਪੰਡਤ ਨਰੈਣ ਸਿੰਘ)

ਅਤੇ ਫ਼ਰੀਦਕੋਟ ਵਾਲਾ ਸਟੀਕ

ਨਵੀਨ ਟੀਕੇਕਾਰਾਂ ਜੋ ਉਪਰੋਕਤ ਅਰਥਾਂ ਨੂੰ ਨਹੀਂ ਅਪਣਾਇਆ ਕਿਉਂਕਿ 'ਮਾਧਉ' ਪਦ ਦਾ ਅਰਥ–ਮਾਇਆ ਦਾ ਪਤੀ, 'ਪ੍ਰਭੂ' ਹਨ। ਇਸ ਲਈ ਉਹਨਾਂ ਨੇ ਇਉਂ ਅਰਥ ਕੀਤੇ ਹਨ :—

ਹੇ ਮੇਰੇ ਪ੍ਰਭੂ ਜੀ। ਜੇਹੜੇ ਮਨੁਖ ਸਾਧ ਸੰਗਤਿ ਵਿਚ ਮਿਲ ਬੈਠਦੇ ਹਨ, ਉਹ (ਵਿਅਰਥ ਤੌਖਲੇ ਫ਼ਿਕਰਾਂ) ਤੋਂ ਬਚ ਜਾਂਦੇ ਹਨ।"
(ਪ੍ਰੋ: ਸਾਹਿਬ ਸਿੰਘ)

ਉਪਰੋਕਤ ਪੰਕਤੀ 'ਰਹਾਉ' ਪਦ ਤੋਂ ਪਹਿਲਾਂ ਦਰਜ ਹੈ ਅਤੇ ਇਸ ਵਿਚ ਸਮੁਚੇ ਸ਼ਬਦ ਦਾ ਕੇਂਦਰੀ ਭਾਵ ਅੰਕਤ ਹੈ। ਇਸ ਪੰਕਤੀ ਦਾ ਅਰਥ ਕਰਨ ਤੋਂ ਪਹਿਲਾਂ ਇਸ ਸ਼ਬਦ ਦੀਆਂ ਅਰੰਭਕ ਅਤੇ 'ਰਹਾਉ' ਤੋਂ ਮਗਰੋਂ ਆਈਆਂ ਪੰਕਤੀਆਂ ਵਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਗੁਰੂ ਰਾਮਦਾਸ ਜੀ ਨੇ ਇਸ ਸ਼ਬਦ ਦਾ ਅਰੰਭ "ਕਾਹੇ ਰੇ ਮਨ ਚਿਤਵਹਿ ਉਦਮ ਜਾ ਆਹਰਿ ਹਰਿ ਜੀਉ ਪਰਿਆ" ਵਾਲੀ ਪੰਕਤੀ ਨਾਲ ਕੀਤਾ ਹੈ, ਜਿਸ ਤੋਂ ਇਹ ਸਪਸ਼ਟ ਹੈ ਕਿ ਇਹ ਸ਼ਬਦ ਮਨ ਨੂੰ ਸੰਬੋਧਨ ਹੈ, ਵਾਹਿਗੁਰੂ ਜੀ ਅਗੇ ਬੇਨਤੀ ਨਹੀਂ। ਜੇ ਕੇਵਲ 'ਮੇਰੇ ਮਾਧਉ ਜੀ......' ਵਾਲੀ ਪੰਕਤੀ ਨੂੰ ਸੰਬੋਧਨ ਰੂਪ ਵਿਚ ਮੰਨ ਲਿਆ ਜਾਵੇ ਤਾਂ ਇਹ ਸ਼ੰਕਾ ਉਠਦੀ ਹੈ ਕਿ ਵਾਹਿਗੁਰੂ ਜੀ ਨੂੰ ਸੋਝੀ ਨਹੀਂ, ਗੁਰੂ ਜੀ, ਪ੍ਰਭੂ ਜੀ ਨੂੰ ਸਮਝਾ ਰਹੇ ਹਨ "ਹੇ ਪ੍ਰਭੂ ਜਿਹੜਾ ਤੇਰੀ ਸਤਸੰਗਤ ਵਿਚ ਮਿਲਿਆ ਹੈ, ਉਹ ਤਰ ਗਿਆ ਹੈ, ਉਸਨੇ ਗੁਰੂ ਦੀ ਕਿਰਪਾ ਨਾਲ (ਭਾਵ ਮੇਰੀ ਕਿਰਪਾ ਨਾਲ) ਪਾ ਲਈ ਹੈ ਅਤੇ ਸੁਕੇ ਤੋਂ ਹਰਾ ਹੋ ਗਿਆ ਹੈ।



www.AKJ.Org

ਪੰਡਤ ਤਾਰਾ ਸਿੰਘ ਨਰੋਤਮ ਨੇ 'ਸ੍ਰੀ ਗੁਰਮਤਿ ਨਿਰਣਯ ਸਾਗਰ' ਵਿਚ 'ਮਾਧਉ' ਪਦ ਬਾਰੇ ਇਹ ਦਸਿਆ ਹੈ ਕਿ 'ਮਾਧਉ' ਬਾਣੀਏ ਦਾ ਪੁਤ੍ਰ ਸੀ ਹੋ ਸਕਦਾ ਹੈ ਕਿ ਇਹ ਸ਼ਬਦ ਕਿਸੇ ਚਿੰਤਾਤੁਰ ਮਨੁਖ ਪ੍ਰਤੀ ਉਚਾਰਨ ਕੀਤਾ ਗਿਆ ਹੋਵੇ ਪਰ ਕਿਸੇ ਸਾਖੀ ਨੂੰ ਜੋੜੇ ਬਿਨਾਂ ਹੀ ਸ਼ਬਦ ਦੇ ਅਰਥ ਸ਼ਪਸਟ ਹਨ। ਜੇ ਗੁਰਦੇਵ ਮਨ ਨੂੰ ਇਹ ਸੰਬੋਧਨ ਕਰ ਸਕਦੇ ਹਨ ਕਿ 'ਮਨ ਤੂੰ ਜੋਤਿ ਸਰੂਪੁ ਹੈਂ ਆਪਣਾ ਮੂਲੁ ਪਛਾਣੁ ॥' ਇਥੇ ਮਾਧਉ ਪਦ ਦਾ ਭਾਵ 'ਮਨ' ਲੈਣਾ ਕੋਈ ਦੂਸ਼ਨ ਨਹੀਂ ਜਾਪਦਾ। ਇਸ ਸ਼ਬਦ ਦੇ ਅਰਥਾਂ ਦੀ ਲੜੀ ਤਾਂ ਹੀ ਜੁੜ ਸਕਦੀ ਹੈ ਜੇ 'ਮੇਰੇ ਮਾਧਉ ਜੀ' ਦੇ ਅਰਥ ਮੇਰੇ ਪਿਆਰੇ (ਮਨ) ਜੀ ਕੀਤੇ ਜਾਣ ਜਾਂ ਗੁਰਬਾਣੀ ਦੀ ਸ਼ਬਦਾਵਲੀ ਅਨੁਸਾਰ 'ਮੇਰੇ ਪ੍ਰਭੂ ਜੀ' ਹੀ ਕੀਤੇ ਜਾਣ। 'ਜੀ' ਪਦ ਵਿਚੋਂ 'ਦੀ' ਦੇ ਅਰਥ ਲਏ ਜਾ ਸਕਦੇ ਹਨ ਜਿਵੇਂ ਪੁਰਾਤਨ ਟੀਕਿਕਾਰਾਂ ਨੇ ਲਏ ਹਨ। ਸਾਰੇ ਸ਼ਬਦ ਰਾਹੀਂ ਮਨ ਪ੍ਰਤੀ ਸੰਬੋਧਨ ਰੂਪ ਵਿਚ ਉਪਦੇਸ਼ ਹੈ, ਵਾਹਿਗੁਰੂ ਜੀ ਦੀ ਸਿਫ਼ਤਿ ਦਾ ਵਰਨਣ ਕੇਵਲ ਸ਼ਬਦ ਦੀ ਸਮਾਪਤੀ ਵਾਲੀਆਂ ਦੋ ਅੰਤਲੀਆਂ ਪੰਕਤੀਆਂ ਵਿਚ ਕੀਤਾ ਗਿਆ ਹੈ :—

ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥
ਜਨ ਨਾਨਕ ਬਲਿ ਬਲਿ, ਸਦ ਬਲਿ ਜਾਈਐ, ਤੇਰਾ ਅੰਤੁ ਨ ਪਾਰਾਵਰਿਆ ॥

ਜਿਵੇਂ 'ਬਾਬਾ' ਤੇ 'ਪਿਆਰੇ' ਪਦ ਵਾਹਿਗੁਰੂ ਜੀ ਲਈ ਵਰਤੇ ਗਏ ਹਨ ਤਿਵੇਂ ਜਗਿਆਸੂ ਲਈ ਵੀ ਵਰਤੇ ਗਏ ਹਨ।

(ੳ) ੧–ਬਾਬਾ, ਬਿਖੁ ਦੇਖਿਆ ਸੰਸਾਰੁ ॥ (ਵਾਹਿਗੁਰੂ ਜੀ ਨੂੰ ਸੰਬੋਧਨ ਰੂਪ ਵਿਚ) ਪੰਨਾ ੩੮੨
੨–ਬਾਬਾ, ਮਾਇਆ ਸਾਥਿ ਨ ਹੋਇ ॥ (ਜਗਿਆਸੂ ਲਈ) ਪੰਨਾ ੫੯੫

(ਅ) ੧–ਜਿਸਨੋ ਬਖਸਿ ਲੈਹਿ, ਮੇਰੇ ਪਿਆਰੇ, ਸੋ ਜਸੁ ਤੇਰਾ ਗਾਵੈ ॥ (ਪੰਨਾ ੬੨੯)
੨–ਪਿਆਰੇ, ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ ॥ (ਪੰਨਾ ੬੪੧)

ਸੋ ਇਸੇ ਤਰ੍ਹਾਂ, ਜੇ 'ਮਾਧਉ' ਪਦ ਵਾਹਿਗੁਰੂ ਜੀ ਲਈ ਵਰਤਿਆ ਗਿਆ ਹੈ ਤਾਂ 'ਜਗਿਆਸੂ' ਨੂੰ ਸੰਬੋਧਨ ਰੂਪ ਵਿਚ ਵੀ ਵਰਤਿਆ ਜਾ ਸਕਦਾ ਹੈ, ਕੋਈ ਹੈਰਾਨੀ ਵਾਲੀ ਗਲ ਨਹੀਂ ਹੈ।

(੪੭) (ੳ) ਭਾਈ ਵੀਰ ਸਿੰਘ ਜੀ ਨੇ 'ਊਡੇ' ਪਦ ਨੂੰ 'ਊਡਾ' ਪਦ ਦਾ ਬਹੁ-ਬਚਨ ਦਸਿਆ ਹੈ ਅਤੇ ਅਰਥ ਕੀਤਾ ਹੈ—"ਕੂੰਜਾਂ" ਜੋ ਕਿ ਗੁਰਬਾਣੀ-ਵਿਆਕਰਨ ਅਨੁਸਾਰ ਠੀਕ ਨਹੀਂ ਜਾਪਦਾ। 'ਆਵੈ' ਪਦ ਇਕ ਬਚਨ ਦਾ ਲਖਾਇਕ ਹੈ, ਜੇ ਬਹੁ ਬਚਨ ਦਾ ਸੂਚਕ ਹੁੰਦਾ ਤਾਂ 'ਆਵੈ' ਦੀ ਥਾਂ 'ਆਵਹਿ' ਪਦ ਹੁੰਦਾ। 'ਤਿਸੁ' ਪਦ ਵੀ ਇਕ ਬਚਨ ਨਾਵ ਨੂੰ ਨਿਰੂਪਣ ਕਰਦਾ ਹੈ। ਭਾਈ ਕਾਹਨ ਸਿੰਘ ਜੀ ਨਾਭਾ ਨੇ "ਪੰਜਾਬੀ ਮਹਾਨ ਕੋਸ਼" ਵਿਚ "ਊਡੇ ਊਡਿ" ਦੇ ਅਰਥ "ਨਿਰੰਤਰ ਭਾਵ ਲਗਾਤਾਰ ਉਡ ਕੇ" ਕੀਤੇ ਹਨ ਜੋ ਠੀਕ ਹਨ। ਇਸ ਬਾਰੇ ਪਾਠਕਾਂ ਨੂੰ ਇਕ ਸ਼ੰਕਾ ਉਤਪੰਨ ਹੋ ਸਕਦੀ ਹੈ ਕਿ "ਊਡੇ ਊਡਿ" ਦੇ ਅਰਥ 'ਲਗਾਤਾਰ ਉਡਣਾ' ਹੋਵੇ ਤਾਂ ਫਿਰ 'ਕੂੰਜ' ਲਈ ਕਿਹੜਾ ਪਦ ਵਰਤਿਆ ਗਿਆ ਹੈ? ਸੋ ਇਸ ਬਾਰੇ ਇਹ ਵਿਚਾਰ ਹੈ ਕਿ ਕਾਵਿ ਅਤੇ ਵਾਰਤਕ ਦੋਹਾਂ ਵਿਚ ਕਈ ਵਾਰੀ ਕਵੀ ਤੇ ਲਿਖਾਰੀ ਇਹੋ ਜਹੀਆਂ ਅਖਾਉਤਾਂ ਵਰਤਦੇ ਹਨ ਜਿਨ੍ਹਾਂ ਦੇ ਭਾਵ ਤੋਂ ਕਿਸੇ ਚੀਜ਼ ਦੇ ਗੁਣਾਂ ਦਾ ਪਤਾ ਲਗ ਜਾਂਦਾ ਅਤੇ ਫਿਰ ਨਾਉਂ ਆਪਣੀ ਬੁਧੀ ਨਾਲ ਬੁਝਾਰਤ ਵਾਂਗ ਬੁਝਿਆ ਜਾਂਦਾ ਹੈ। ਜਿਵੇਂ 'ਬਾਗੋ ਕਪਰੇ ਵਾਲੀ' ਦਾ ਭਾਵ 'ਕੂੰਜ' ਹੈ ਤਿਵੇਂ ਅਸਮਾਨ ਵਿਚ ਸੈਂਕੜੇ ਕੋਹਾਂ ਤੋਂ ਲਗਾਤਾਰ ਉਠ ਕੇ ਆਉਣ ਵਾਲੀ ਤੇ ਆਪਣੇ ਬਚਿਆਂ ਨੂੰ ਪਿਛੇ ਛਡ ਕੇ ਜਾਣ ਵਾਲੀ 'ਕੂੰਜ' ਹੈ। ਸੋ 'ਊਡੇ ਊਡਿ' ਦਾ ਅਰਥ 'ਲਗਾਤਾਰ ਉਡਾਰੀ' ਦੇ ਹਨ, ਕੂੰਜਾਂ ਨਹੀਂ।

(ਅ) 'ਕੋਸਾ' ਪਦ ਦਾ ਉਚਾਰਨ ਬਿੰਦੇ ਸਹਿਤ 'ਕੋਸਾਂ' ਕਰਨਾ ਚਾਹੀਦਾ ਹੈ ਕਿਉਂਕਿ 'ਕੋਸਾਂ' ਪਦ ਅਰਥ ਹਨ—ਤੱਤਾ, ਮਾਮੂਲੀ ਗਰਮ।



www.AKJ.Org

(੪੮) ਇਸ ਪੰਕਤੀ ਵਿਚ 'ਮਨ ਮਹਿ ਸਿਮਰਨ ਕਰਿਆ' ਦੇ ਕਈ ਤਰ੍ਹਾਂ ਦੇ ਅਰਥ ਕੀਤੇ ਜਾਂਦੇ ਹਨ ਜਿਸ ਤੋਂ ਪਾਠਕਾਂ ਨੂੰ ਬੜਾ ਟਪਲਾ ਲਗਦਾ ਹੈ ਅਤੇ ਠੀਕ ਅਰਥਾਂ ਦਾ ਪਤਾ ਨਹੀਂ ਲਗਦਾ। ਕੁਝ ਟੀਕੇਕਾਰਾਂ ਦੇ ਅਰਥ ਵੰਨਗੀ ਮਾਤਰ ਹੇਠ ਦਿਤੇ ਜਾਂਦੇ ਹਨ :—

੧. 'ਕੀ ਤੂੰ ਦਿਲ ਵਿਚ ਸੋਚਿਆ ਹੈ ?' (ਸ਼ਬਦਾਰਥ) ਅਤੇ ਪੰਡਤ ਨਰੈਣ ਸਿੰਘ

੨. 'ਉਹ ਕੂੰਜ ਆਪਣੇ ਬੱਚਿਆਂ ਦਾ ਸਿਮਰਨ ਆਪਣੇ ਮਨ ਵਿਚ ਧਰਦੀ ਰਹਿੰਦੀ ਹੈ।'
(ਪ੍ਰੋ. ਸਾਹਿਬ ਸਿੰਘ ਅਤੇ ਭਾ: ਵੀਰ ਸਿੰਘ)

੩. ਕੂੰਜ ਦੇ ਬਚਿਆਂ ਨੇ ਆਪਣੇ ਮਨ ਵਿਚ ਪ੍ਰਭੂ ਦਾ ਧਿਆਨ ਕੀਤਾ ਹੈ। (ਪ੍ਰਚਲਤ ਅਰਥ)

ਨੰ: ੧ ਵਾਲੇ ਅਰਥਕਾਰਾਂ ਨੇ ਇਹ ਨਹੀਂ ਸੋਚਿਆ ਕਿ ਇਹ ਸ਼ਬਦ ਪਹਿਲਾਂ ਹੀ ਮਨ ਨੂੰ ਸੰਬੋਧਨ ਹੈ ਫਿਰ ਮਨ ਨੂੰ ਹੀ ਆਖਣਾ ਕਿ ਤੂੰ ਕਦੇ ਮਨ ਵਿਚ ਸੋਚਿਆ ਹੈ। ਬੜੇ ਅਸਚਰਜ ਜਹੇ ਅਰਥ ਹਨ। 'ਸਿਮਰਨ' ਦੇ ਅਰਥ 'ਸੋਚਣਾ' ਨਹੀਂ, ਯਾਦ, ਚੇਤਾ ਨਹੀਂ ਹਨ।

ਗੁਰਬਾਣੀ ਵਿਚ ਕਈ ਅਜੇਹੇ ਸ਼ਬਦ ਮਿਲਦੇ ਹਨ ਜਿਨ੍ਹਾਂ ਦੀ ਪਹਿਲੀ ਪੰਕਤੀ ਵਿਚ ਪ੍ਰਸ਼ਨ ਹੁੰਦਾ ਹੈ ਦੂਜੀ ਵਿਚ ਉਤਰ ਹੁੰਦਾ ਹੈ। ਕਈ ਵਾਰੀ ਇਕੋ ਪੰਕਤੀ ਦਾ ਅੱਧਾ ਹਿੱਸਾ ਪ੍ਰਸ਼ਨ ਵਾਚਕ ਹੁੰਦਾ ਹੈ ਤੇ ਦੂਜੇ ਹਿੱਸੇ ਵਿਚ ਉਤਰ ਹੁੰਦਾ ਹੈ। ਇਹ ਪੰਕਤੀ ਵੀ ਇਸ ਤਰ੍ਹਾਂ ਦੀ ਹੈ। ਪਹਿਲਾਂ ਪ੍ਰਸ਼ਨ ਹੈ ਕਿ (ਹੇ ਮਨ) 'ਤਿਨ ਕਵਣੁ ਖਲਾਵੈ ਕਵਣੁ ਚੁਗਾਵੈ' ? ਦੂਜੇ ਵਿਚ ਉਤਰ ਹੈ 'ਮਨ ਮਹਿ ਸਿਮਰਨੁ ਕਰਿਆ' ਕੂੰਜਾਂ ਆਪਣੇ ਬਚੇ ਨੂੰ ਆਪਣੇ ਮਨ ਵਿਚ ਸਿਮਰਿਆ। ਕੂੰਜ ਦਾ ਸਿਮਰਨ ਸੈਂਕੜੇ ਕੋਹਾਂ ਦੂਰ ਬਚੇ ਨੂੰ ਪਾਲਦਾ ਹੈ। ਭਾਵ ਇਹ ਧਿਆਨ ਰਾਹੀਂ ਪਾਲਣਾ ਹੁੰਦੀ ਹੈ। ਕੂੰਜ ਆਪਣੇ ਮਨ ਵਿਚ ਆਪਣੇ ਬਚਿਆਂ ਦੇ ਪਾਲਣ ਹਿੱਤ ਚਿੰਤਾ ਨਹੀਂ ਕਰਦੀ। ਬੇਫ਼ਿਕਰ ਹੋ ਕੇ ਅਸਮਾਨ ਵਿਚ ਉਡਦੀ ਰਹਿੰਦੀ ਹੈ 'ਜੈਸੀ ਗਗਨ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ ॥ ਓਹ ਪਾਛੈ ਬੀਤ ਰਾਖਿ ਬਿਚ ਬਚਰੈ ਨਿਤ ਹਿਰਦੈ ਸਾਰਿ ਸਮਾਲੀ ॥ ਇਸਦੀ ਪੁਸ਼ਟੀ ਭਾਈ ਗੁਰਦਾਸ ਜੀ ਵੀ ਕਰਦੇ ਹਨ :—

੧. ਕਛੂ ਅੰਡਾ ਸੇਂਵਦਾ ਜਲ ਬਾਹਰ ਧਰ ਧਿਆਨ ਧਰੰਦਾ ॥
ਕੂੰਜ ਕਰੇਂਦੀ ਸਿਮਰਣੋ ਪੂਰਨ ਬੱਚਾ ਹੋਇ ਉਡੰਦਾ ॥ (ਵਾਰ ੨੬, ਪਉੜੀ ੨੮)

੨. ਕੂੰਜ ਰਿਦੈ ਸਿਮਰਣੁ ਕਰੈ, ਲੈ ਬਚਾ ਉਡਦੀ ਅਸਮਾਣੈ ॥ (ਵਾਰ ੧੧–੯)

ਭਾਵ ਕਛੂ ਅੰਡੇ ਨੂੰ ਜਲ ਤੋਂ ਬਾਹਰ ਧਰਦਾ ਹੈ ਤੇ ਉਸ ਦਾ ਧਿਆਨ ਧਰਕੇ ਹੀ ਪਾਲ ਲੈਂਦਾ ਹੈ। ਕੂੰਜ ਬਚੇ ਦਾ ਧਿਆਨ ਧਰਦੀ ਹੈ ਤੇ ਉਸਦਾ ਬੱਚਾ ਪਲ ਕੇ ਉਡਣ ਲਗ ਜਾਂਦਾ ਹੈ। ਇਸ ਲਈ ਸਤਿਗੁਰ ਜੀ ਮਨ ਨੂੰ ਉਪਦੇਸ਼ ਦੇਂਦੇ ਹਨ ਕਿ ਤੂੰ ਵਾਹਿਗੁਰੂ ਦਾ ਪੁਤਰ ਹੈਂ। ਜਿਵੇਂ ਕੂੰਜ ਦੇ ਪੁਤਰਾਂ ਨੂੰ ਕੂੰਜ ਨਜ਼ਰ ਨਹੀਂ ਆਉਂਦੀ ਸੈਂਕੜੇ ਕੋਹਾਂ ਪਿਛੇ ਛਡ ਕੇ ਚਲੀ ਜਾਂਦੀ ਹੈ ਪਰ ਪਾਲਣ ਪੋਸਣ ਧਿਆਨ ਰਾਹੀਂ ਹੀ ਕਰੀ ਜਾਂਦੀ ਹੈ। ਇਸੇ ਤਰ੍ਹਾਂ ਵਾਹਿਗੁਰੂ ਭਾਵੇਂ ਅਦਿੱਸ ਹੈ ਪਰ ਉਹ ਤੇਰੀ ਸਾਰ ਧਿਆਨ ਰਾਹੀਂ ਲੈ ਰਿਹਾ ਹੈ। 'ਚਿਤੈ ਅੰਦਰ ਸਭ ਕੋ ਵੇਖਿ ਨਦਰੀ ਹੇਠ ਚਲਾਇਦਾ।'' ਜੀਵ ਪੈਦਾ ਕਰਨ ਤੋਂ ਪਹਿਲਾਂ ਪ੍ਰਭੂ ਨੇ ਜੀਵਾਂ ਦਾ ਰਿਜਕ ਲਿਖ ਦਿਤਾ ਹੈ। 'ਪਹਿਲੋ ਦੇ ਤੈਂ ਰਿਜਕੁ ਸਮਾਹਾ ॥ ਪਿਛੋ ਦੇ ਤੈਂ ਜੰਤੁ ਉਪਾਹਾ।' ਇਸ ਲਈ ਮਨ ਨੂੰ ਵਿਹਲੀ ਚਿੰਤਾ ਤੋਂ ਹਟਾਉਣ ਲਈ ਇਹ ਉਪਦੇਸ਼ ਦਿਤਾ ਹੈ ਕਿ—

ਨ ਕਰਿ ਚਿੰਤ ਚਿੰਤਾ ਹੈ ਕਰਤੇ ॥ ਹਰਿ ਦੇਵੈ ਜਲਿ ਥਲਿ ਜੰਤਾ ਸਭ ਤੈ ॥
ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੇ ॥ (ਪੰਨਾ ੧੦੭੦)

ਇਥੇ ਕਈ ਵੀਰ ਉਲਟਾ ਹੀ ਭਾਵ ਸਮਝ ਲੈਂਦੇ ਹਨ ਕਿ ਜਦੋਂ ਵਾਹਿਗੁਰੂ ਜੀ ਨੇ ਲਿਖੇ ਮੁਤਾਬਿਕ*



www.AKJ.Org

# ਆਹ ! ਬੀਬੀ ਸ਼ਰਨ ਕੌਰ

ਇਸ ਵਾਰੀ 19 ਦਸੰਬਰ ਨੂੰ ਕੀਰਤਨ ਰੈਣ ਸਬਾਈ ਪਿੰਡ ਬ੍ਰਹਿਮਪੁਰ ਗੁਰਦਵਾਰਾ ਸਾਹਿਬ ਵਿਖੇ ਬੜੀ ਸਜ ਧਜ ਨਾਲ ਹੋਏ, ਸਾਰੀ ਰਾਤ ਅੰਮ੍ਰਿਤ ਬਰਖਾ ਹੁੰਦੀ ਰਹੀ। ਇਸ ਸਮਾਗਮ ਵਿਚ ਇਕ ਦੁਰਘਟਨਾ ਵੀ ਹੋਈ, ਗੁਰੂ ਪਿਆਰੇ ਬਾਬਾ ਹਾਕਮ ਸਿੰਘ ਜੀ ਪਿੰਡ ਕੁਹਾੜਾ ਜ਼ਿਲਾ ਲੁਧਿਆਣਾ ਅੱਧੀ ਰਾਤ ਨੂੰ ਕੀਰਤਨ ਤੋਂ ਉਠ ਕੇ ਬਾਹਰ ਆਏ ਤਾਂ ਆਪ ਗੁਰਦਵਾਰਾ ਸਾਹਿਬ ਦੇ ਥੜੇ ਤੋਂ ਗਿਰ ਪਏ ਤਾਂ ਉਹਨਾਂ ਨੂੰ ਸਖ਼ਤ ਚੋਟਾਂ ਆਈਆਂ।

ਸਵੇਰੇ ਸਮਾਪਤੀ ਹੋਈ ਤੇ ਮਾਸਟਰ ਉਜਾਗਰ ਸਿੰਘ ਫਰਵਾਲੀ ਨੇ ਸੰਗਤਾਂ ਵਿਚ ਬੇਨਤੀ ਕੀਤੀ ਕਿ ਗੁਰਪੁਰਵਾਸੀ ਮਾਸਟਰ ਜੋਗਿੰਦਰ ਸਿੰਘ ਬੜੂੰਦੀ ਵਾਲੇ ਜਿਹਨਾਂ ਦੇ ਉਦਮ ਨਾਲ ਇਹ ਮਾਸਕ ਰੈਣ ਸਬਾਈ ਸਮਾਗਮ ਹੋਣੇ ਅਰੰਭ ਹੋਏ ਸਨ, ਉਹਨਾਂ ਦੀ ਸਿੰਘਣੀ ਬੀਬੀ ਸ਼ਰਨ ਕੌਰ ਚੜ੍ਹਾਈ ਕਰ ਗਈ ਹੈ ਤੇ ਓਹਨਾਂ ਦੇ ਨਮਿਤ ਓਹਨਾਂ ਦੇ ਪ੍ਰਵਾਰ ਵਲੋਂ ਪਿੰਡ ਬੜੂੰਦੀ ਵਿਖੇ ਅਖੰਡ ਪਾਠ ਦਾ ਭੋਗ ਹੁਣੇ ਹੁਣੇ ਪੈ ਰਿਹਾ ਹੈ ਤੇ ਉਸ ਪ੍ਰਵਾਰ ਵਲੋਂ ਬੇਨਤੀ ਹੈ ਕਿ ਸਾਰੀ ਸੰਗਤ ਪਿੰਡ ਬੜੂੰਦੀ ਜ਼ਰੂਰ ਪੁਜੇ। ਪਿੰਡ ਬੜੂੰਦੀ ਕੋਈ ਡੇਢ ਮੀਲ ਦੂਰੀ ਤੇ ਸੀ। ਅਸੀਂ ਬ੍ਰਹਿਮਪੁਰ ਤੋਂ ਬੜੂੰਦੀ ਨੂੰ ਚਾਲੇ ਪਾ ਦਿਤੇ। ਮਾਸਟਰ ਉਜਾਗਰ ਸਿੰਘ ਫਰਵ੍ਹਾਲੀ ਤੇ ਪ੍ਰੋ: ਪਾਲ ਸਿੰਘ ਜੀ ਲੁਧਿਆਣਾ ਵੀ ਸਾਡੇ ਨਾਲ ਸਨ ਜੋ ਸਾਨੂੰ ਆਪਣੀ ਮੋਟਰ ਤੇ ਹੀ ਬੜੂੰਦੀ ਲੈ ਗਏ।

ਬੜੂੰਦੀ ਪੁਜ ਕੇ ਤਾਂ ਗੁਰਦਵਾਰਾ ਸਾਹਿਬ ਵਿਖੇ ਕੀਰਤਨ ਆਸਾ ਦੀ ਵਾਰ ਸ਼ੁਰੂ ਸੀ ਬੜਾ ਰਸ-ਭਿੰਨਾ ਕੀਰਤਨ ਉਸ ਬੀਬੀ ਦੀ ਯਾਦ ਵਿਚ ਹੋਇਆ। ਖਾਸ ਕਰਕੇ ਬੀਬੀ ਦਲੇਰ ਕੌਰ (ਸਪੁਤ੍ਰੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ) ਨੇ ਭੀ ਕੀਰਤਨ ਦੀ ਸੇਵਾ ਕੀਤੀ। ਇਹ ਸ਼ਬਦ ਪੜੇ। ਜੇ ਤੂ ਮਿਤਰ ਅਸਾਡੜਾ ਇਕ ਭੋਰੀ ਨ ਵਿਛੋੜ ........। 'ਆਵਉ ਮਿਲਉ ਸਹੇਲੀਉ ਸਚੜਾ ਨਾਮ ਲਏਹਾਂ।' ਹੋਰ ਵੀ ਕਈ ਗੁਰੂ ਪਿਆਰਿਆਂ ਨੇ ਕੀਰਤਨ ਕੀਤਾ ਤੇ ਭਾਈ ਬਲਬੀਰ ਸਿੰਘ ਜੀ (ਸਪੁਤ੍ਰ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ) ਨੇ ਭੀ ਸ਼ਬਦ ਕੀਰਤਨ ਵਿਚ ਹਿਸਾ ਪਾਇਆ। ਠੀਕ ੧ ਵਜੇ ਭੋਗ ਪਿਆ ਉਪ੍ਰੰਤ ਅਰਦਾਸਾ ਹੋਇਆ ਅਤੇ ਇਕ ਸਹਿਜ ਪਾਠ ਦਾ ਭੋਗ ਵੀ ਪਾਇਆ ਗਿਆ। ਸਾਰੀ ਸੰਗਤ ਮਾਸਟਰ ਜੋਗਿੰਦਰ ਸਿੰਘ ਜੀ ਦੇ ਗ੍ਰਹਿ ਵਿਖੇ ਪ੍ਰਸ਼ਾਦ ਛਕ ਕੇ ਵਿਦਾ ਹੋਈ। ਇਥੇ ਦੂਰ ਨੇੜੇ ਤੋਂ ਕਾਫ਼ੀ ਸੰਗਤਾਂ ਪੁਜੀਆਂ ਹੋਈਆਂ ਸਨ।

(ਸੰਪਾਦਕ)

---

*ਹੀ ਰੋਜ਼ੀ ਦੇਣੀ ਹੈ ਤਾਂ ਫਿਰ ਉਦਮ ਕਰਨ ਦੀ ਕੀ ਲੋੜ ਹੈ ? ਗੁਰੂ ਸਾਹਿਬ ਨੇ ਪੇਟ-ਪਾਲਣ ਅਤੇ ਹੋਰ ਆਹਰਾਂ ਦੇ ਉਦਮ ਦੀ ਚਿੰਤਾ ਕਰਨੋਂ ਵਰਜਿਆ ਹੈ। ਉਦਮ ਕਰਨੋਂ ਨਹੀਂ ਹਟਾਇਆ। ਸਗੋਂ ਉਦਮ ਲਈ ਪ੍ਰੇਰਨਾ ਦਿਤੀ ਹੈ :—

੧. ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖੁ ਭੁੰਚੁ ॥
ਧਿਆਇਦਿਆ ਤੂੰ ਪ੍ਰਭੁ ਮਿਲੁ, ਨਾਨਕ ਉਤਰੀ ਚਿੰਤ ॥ (ਪੰਨਾ ੫੨੨)

੨. ਉਦਮ ਕਰਿ ਹਰਿ ਜਾਪਣਾ, ਵਡਭਾਗੀ ਹਰਿ ਧਨੁ ਖਾਇ ॥ (ਪੰਨਾ ੪੯)

ਉਦਮ ਲਈ ਤਾਂ ਸਗੋਂ ਮੰਗ ਕੀਤੀ ਹੈ—

੧. ਉਦਮੁ ਸੋਈ ਕਰਾਇ ਪ੍ਰਭ, ਮਿਲਿ ਸਾਧੂ ਗੁਣ ਗਾਉ ॥ (ਪੰਨਾ ੧੩੭)

੨. ਉਦਮ ਕਰਉ ਕਰਾਵਹੁ ਠਾਕੁਰ, ਪੇਖਤ ਸਾਧੂ ਸੰਗਿ ॥ (ਪੰਨਾ ੪੦੫)

'ਖਲਾਵੈ' ਪਦ ਦਾ ਉਚਾਰਨ 'ਖਿਲਾਵੇ' 'ਖੇਲਾਵੈ' ਕਰਨਾ ਅਸ਼ੁਧ ਹੈ।



www.AKJ.Org

'SURA' (*Fortnightly*) Patiala. Registred No. P. 79

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ਜੇਲ੍ਹ ਚਿੱਠੀਆਂ | ੫-੦੦ |
| ਗੁਰਮਤ ਨਾਮ ਅਭਿਆਸ ਕਮਾਈ | ੩-੦੦ |
| ਗੁਰਮਤ ਲੇਖ | ੨-੫੦ |
| ਗੁਰਮਤ ਬਬੇਕ | ੩-੦੦ |
| ਸੱਚਖੰਡ ਦਰਸ਼ਨ | ੦-੭੫ |
| ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੫੦ |
| ਚਰਨ ਕਮਲ ਕੀ ਮਉਜ | ੦-੯੦ |
| ਅਣਡਿਠੀ ਦੁਨੀਆਂ | ੪-੦੦ |
| ਅੰਮ੍ਰਿਤ ਕਲਾ | ੦-੪੦ |
| ਅੰਮ੍ਰਿਤ ਕੀ ਹੈ ? | ੦-੩੦ |
| ਸੁਪਨਾ | ੦-੩੦ |
| ਬਾਬਾ ਵੈਦ ਰੋਗੀਆਂ ਦਾ | ੦-੨੦ |
| ਗਯਾਨ ਚਾਨਣਾ | ੦-੧੦ |
| ਰੰਗਲੇ ਸਜਣ | ੨-੫੦ |
| ਸਿੱਖ ਕੌਣ ਹੈ ? | ੦-੧੫ |
| ਆਸਤਕ ਨਾਸਤਕ | ੦-੧੫ |
| ਕੋ ਵਿਰਲਾ ਗੁਰਮਤਿ ਚਲੈ | ੦-੨੦ |
| ਸਚੀਆਂ ਦਾਹੜੀਆਂ | ੦-੧੨ |
| ਸੰਤ ਪਦ ਨਿਰਣੇ | ੨-੨੫ |
| ਗੁਰਮਤ ਰਮਜ਼ਾਂ | ੦-੬੫ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ |

| | |
|---|---|
| ਪ੍ਰਗਟੀ ਜੋਤ ਮਿਲੇ ਰਾਮ ਪਿਆਰੇ | ੦-੩੦ |
| ਗੁਰਮਤਿ ਗੌਰਵਤਾ | ੫-੦੦ |
| ਸਿੰਘਾਂ ਦਾ ਪੰਥ ਨਿਰਾਲਾ | ੦-੪੦ |
| ਅਕਾਲ ਪੁਰਖ ਦੇ ਪ੍ਰਤਖ ਦਰਸ਼ਨ | ੦-੨੦ |
| ਵਾਹਿਗੁਰੂ ਸਿਮਰਨ | ੦-੨੦ |
| ਸਿਖੀ ਸਿਦਕ ਤੇ ਧਰਮ ਰਖਿਆ | ੦-੨੦ |
| ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੩੦ |
| ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੨-੦੦ |
| ਗੁਰਮਤ ਵਿਚਾਰ | ੦-੮੦ |
| ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ | ੦-੭੫ |
| ਨਾਮ ਸਬੰਧੀ ਵਿਚਾਰ | ੦-੫੦ |
| ਗੁਰਬਾਣੀ ਸਬੰਧੀ ਸ਼ੰਕਿਆਂ ਦਾ ਉਤਰ | ੦-੫੦ |
| ਸੰਥਾ ਸੈਂਚੀਆਂ ਪਹਿਲਾ ਹਿਸਾ (ਸ਼. ਕ.) | ੮-੦੦ |
| ਗੁਰਸਿਖ ਰਹਿਣੀ (ਲੇਖਕ ਬੀਬੀ ਅਮਰਜੀਤ ਕੌਰ) | ੦-੩੦ |
| ਆਤਮਾ ਕੀ ਹੈ ? (ਲੇਖਕ ਡਾ. ਵਧਾਵਾ ਸਿੰਘ ਜੀ ਪਟਿਆਲਾ) | ੫-੦੦ |
| ਜੀਵਨ ਬ੍ਰਿਤਾਂਤ ਭਾਈ ਰਣਧੀਰ ਸਿੰਘ ਜੀ (ਲੇਖਕ ਬਾਬਾ ਸੁਰਜਨ ਸਿੰਘ) | ੦-੫੦ |

ਨੋਟ :—ਸਾਥੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਵਲੋਂ ਛਪੀਆਂ ਪੁਸਤਕਾਂ, ਗੁਟਕੇ, ਸ਼ਬਦਾਰਥ ਆਦਿ ਵੀ ਮਿਲ ਸਕਦੇ ਹਨ। ਡਾਕ ਖ਼ਰਚ ਵਖਰਾ, ਆਰਡਰ ਨਾਲ ਪੇਸ਼ਗੀ ਜ਼ਰੂਰੀ ਹੈ।

ਪੁਸਤਕਾਂ ਮਿਲਣ ਦਾ ਪਤਾ :—

**ਸੂਰਾ ਪੁਸਤਕ ਭੰਡਾਰ** ਧੋਬੀ ਘਾਟ, ਪਟਿਆਲਾ।

www.AKJ.org